Punjabi Parwaz

# ਪੰਜਾਬੀ ਪਰਵਾਜ਼

ਅੰਕ 14ਵਾਂ (ਸ਼ਿਕਾਗੋ): 25 ਨਵੰਬਰ ਤੋਂ 8 ਦਸੰਬਰ 2023 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com | www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਗੁਰਦੁਆਰਾ ਕਰਤਾਰਪੁਰ ਸਾਹਿਬ ਕੰਪਲੈਕਸ ’ਚ ਸ਼ਰਾਬ/ਨਾਚ ਪਾਰਟੀ ਦਾ ਮਾਮਲਾ ਉਭਰਿਆ

### ਪਰਵਾਸੀ ਸਿੱਖਾਂ ਤੋਂ ਫੀਸ ਲੈਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

**ਕਰਤਾਰਪੁਰ ਸਾਹਿਬ:** ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ ਕੰਪਲੈਕਸ ਜਾਂ ਇਸ ਦੇ ਲਾਗੇ, ਇੱਥੋਂ ਦੇ ਚੀਫ ਅਗਜ਼ੈਕਟਿਵ ਅਫਸਰ ਵੱਲੋਂ ਆਯੋਜਿਤ ਕੀਤੀ ਗਈ ਇੱਕ ਕਥਿਤ ਸ਼ਰਾਬ ਪਾਰਟੀ ਦੇ ਮਸਲੇ ਨੇ ਸਾਰੀ ਦੁਨੀਆਂ ਦੇ ਸਿੱਖ ਮਸਤਕਾਂ ‘ਤੇ ਚਿੰਤਾ ਦੀਆਂ ਲਕੀਰਾਂ ਉਭਾਰ ਦਿੱਤੀਆਂ ਹਨ। ਇਸ ਪਾਰਟੀ ਸਬੰਧੀ ਸੋਸ਼ਲ ਮੀਡੀਆ ‘ਤੇ ਘੁੰਮ ਰਹੀ ਇੱਕ ਵੀਡੀਓ ਵਿੱਚ ਕਿਹਾ ਗਿਆ ਹੈ ਕਿ ਇਹ ਸ਼ਰਾਬ ਅਤੇ ਡਾਂਸ ਪਾਰਟੀ ਦਾ ਆਯੋਜਨ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਕੀਤਾ ਗਿਆ। ਇਸੇ ਦੌਰਾਨ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਗਏ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਇਸ ਕਿਸਮ ਦੀ ਕੋਈ ਪਾਰਟੀ ਨਹੀਂ ਹੋਈ। ਉਨ੍ਹਾਂ ਦੀ ਹਾਜ਼ਰੀ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਗੋਬਿੰਦ ਸਿੰਘ ਨੇ ਵੀ ਇਸ ਕਿਸਮ ਦੀ ਕਿਸੇ ਪਾਰਟੀ ਤੋਂ ਇਨਕਾਰ ਕੀਤਾ ਹੈ।

ਭਾਈ ਗੋਬਿੰਦ ਸਿੰਘ ਨੇ ਕਿਹਾ ਕਿ ਅਜਿਹੀ ਕੋਈ ਪਾਰਟੀ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਵਿੱਚ ਨਹੀਂ ਹੋਈ, ਸਗੋਂ ਗੁਰਦੁਆਰਾ ਸਾਹਿਬ ਦੀ ਹਦੂਦ ਤੋਂ 2 ਕਿਲੋਮੀਟਰ ਦੀ ਦੂਰੀ ‘ਤੇ ਆਯੋਜਤ ਕੀਤੀ ਗਈ। ਇਸ ਪਾਰਟੀ ਵਿੱਚ ਗੋਸ਼ਤ ਤਾਂ ਭਾਵੇਂ ਪਰੋਸਿਆ ਗਿਆ, ਪਰ ਸ਼ਰਾਬ ਜਾਂ ਨਾਚ-ਗਾਣਾ ਆਦਿ ਨਹੀਂ ਸੀ। ਯਾਦ ਰਹੇ, ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਈ ਗੋਬਿੰਦ ਸਿੰਘ ਵੀ ਇਸ ਪਾਰਟੀ ਵਿੱਚ ਹਾਜ਼ਰ ਸਨ।

ਇਸ ਮਾਮਲੇ ਦੇ ਉਭਰਨ ਤੋਂ ਬਾਅਦ ਪੂਰਬੀ ਪੰਜਾਬ ਵਾਲੇ ਪਾਸੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਇਸ ‘ਤੇ ਨਾਰਾਜ਼ਗੀ ਪਰਗਟ ਕੀਤੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 20 ਨਵੰਬਰ ਨੂੰ ਹੋਈ ਆਪਣੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਦੀ ਨਿੰਦਾ ਕੀਤੀ ਗਈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਸਲੇ ਨੂੰ ਪਾਕਿਸਤਾਨ ਦੇ ਹਾਈ ਕਮਿਸ਼ਨਰ ਕੋਲ ਚੁਕਿਆ ਹੈ ਅਤੇ ਮਸਲੇ ਨੂੰ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਕਿਹਾ ਹੈ ਤਾਂ ਕਿ ਸਬੰਧਤ ਮੁਲਜ਼ਮਾਂ ਨੂੰ ਸਜ਼ਾ ਦਿੱਤੀ ਜਾ ਸਕੇ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਨੇ ਪਾਕਿਸਤਾਨੀ ਰਾਜਦੂਤ ਨੂੰ ਸੌਂਪੇ ਪੱਤਰ ਵਿੱਚ ਦੱਸਿਆ ਕਿ ਇਹ ਪਾਰਟੀ 18 ਨਵੰਬਰ ਨੂੰ ਗੁਰਦੁਆਰਾ



ਕਰਤਾਰਪੁਰ ਸਾਹਿਬ ਦੇ ਕੰਪਲੈਕਸ ਦੇ ਅੰਦਰ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਸਿੱਖ ਧਰਮ ਅਸਥਾਨ ਦੀ ਬੇਹੁਰਮਤੀ ਹੈ। ਪਾਰਟੀ ਕਰਤਾਰਪੁਰ ਸਾਹਿਬ ਦੇ ਚੀਫ ਅਗਜ਼ੈਕਟਿਵ ਅਫਸਰ ਸਈਅਦ ਅਬੂ-ਬਕਰ ਕੁਰੈਸ਼ੀ ਵੱਲੋਂ ਦਿੱਤੀ ਗਈ। ਇਸ ਪਾਰਟੀ ਵਿੱਚ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਨਾਰੋਵਾਲ (ਕਰਤਾਰਪੁਰ ਇਸੇ ਜ਼ਿਲ੍ਹੇ ਵਿੱਚ ਸਥਿਤ ਹੈ) ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਮੁਖੀ ਸਮੇਤ 80 ਵਿਅਕਤੀ ਸ਼ਾਮਲ ਹੋਏ ਦੱਸੇ ਜਾਂਦੇ ਹਨ।

ਇੱਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਸ ਮਾਮਲੇ ਨੂੰ ਭਾਰਤ ਦੇ ਵਿਦੇਸ਼ ਮੰਤਰਾਲੇ ਅਤੇ ਪਾਕਿਸਤਾਨ ਦੇ ਸਬੰਧਤ ਮੰਤਰਾਲੇ ਕੋਲ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮਾਮਲੇ ਨੂੰ ਲੈ ਕੇ ਪਾਕਿਸਤਾਨ ਦੇ ਸਬੰਧਤ ਮੰਤਰਾਲੇ ਅਤੇ ਓਕਾਫ ਬੋਰਡ ਦੇ ਮੁਖੀ ਨੂੰ ਖ਼ਤ ਲਿਖਿਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਰਵਾਸੀ ਸਿੱਖਾਂ ਤੋਂ ਕਰਤਾਰਪੁਰ ਦੇ ਦਰਸ਼ਨਾਂ ਵਾਸਤੇ ਲਈ ਜਾਂਦੀ 5 ਡਾਲਰ ਦੀ ਫੀਸ

⇒ ਬਾਕੀ ਸਫਾ 5 ਉਤੇ ਪੜ੍ਹੋ

## ਆਸਟਰੇਲੀਆ ਦੀ ਟੀਮ ਨੇ ਜਿੱਤਿਆ ਕ੍ਰਿਕਟ ਵਿਸ਼ਵ ਕੱਪ

**ਅਹਿਮਦਾਬਾਦ:** ਨਿਊਜ਼ੀਲੈਂਡ ਖਿਲਾਫ ਖੇਡੇ ਗਏ ਸੈਮੀਫਾਈਨਲ ਸਮੇਤ ਆਪਣੇ ਸਾਰੇ ਮੈਚ ਜਿੱਤ ਕੇ ਫਾਈਨਲ ਵਿੱਚ ਪਹੁੰਚੀ ਭਾਰਤੀ ਕ੍ਰਿਕਟ ਟੀਮ ਅੰਤ ਨੂੰ ਬੀਤੇ ਐਤਵਾਰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਹੋਏ ਫਾਈਨਲ ਮੁਕਾਬਲੇ ਵਿੱਚ ਆਸਟਰੇਲੀਆ ਦੀ ਟੀਮ ਹੱਥੋਂ ਹਾਰ ਗਈ। ਆਪਣਾ ਛੇਵਾਂ ਇੱਕ ਦਿਨਾ ਵਰਲਡ ਕੱਪ ਮੁਕਾਬਲਾ ਜਿੱਤਣ ਵਾਲੀ ਆਸਟਰੇਲੀਆ ਦੀ ਟੀਮ ਤਕਰੀਬਨ ਸਾਰੇ ਪੱਖਾਂ ਤੋਂ ਭਾਰਤੀ ਟੀਮ ਨਾਲੋਂ ਬਿਹਤਰ ਨਜ਼ਰ ਆਈ। ਉਂਝ ਇਸੇ ਟੂਰਨਾਮੈਂਟ ਦੇ ਲੀਗ ਮੁਕਾਬਲੇ ਵਿੱਚ ਭਾਰਤ ਨੇ ਆਸਟਰੇਲੀਆ ਨੂੰ ਵੱਡੇ ਫਰਕ ਨਾਲ ਹਰਾਇਆ ਸੀ। ਦੱਖਣੀ ਅਫਰੀਕਾ ਕੋਲੋਂ ਵੀ ਆਸਟਰੇਲੀਆ ਦੀ ਟੀਮ ਆਪਣਾ ਲੀਗ ਮੁਕਾਬਲਾ ਵੱਡੇ ਫਰਕ ਨਾਲ ਹਾਰ ਗਈ ਸੀ। ਇੱਥੋਂ ਤੱਕ ਕਿ ਸ੍ਰੀਲੰਕਾ ਦੀ ਟੀਮ ਨੇ ਵੀ ਆਸਟਰੇਲੀਆ ਨੂੰ ਹਰਾ ਦਿੱਤਾ ਸੀ।

ਆਸਟਰੇਲੀਆ ਦੀ ਇਸ ਟੀਮ ਦਾ ਮਹੱਤਵਪੂਰਨ (ਫਾਈਨਲ, ਸੈਮੀਫਾਈਨਲ) ਮੁਕਾਬਲਿਆਂ ਵਿੱਚ ਬਿਹਤਰ ਕਾਰਗੁਜ਼ਾਰੀ ਵਿਖਾਉਣ ਦਾ ਤਜ਼ਰਬਾ ਸ਼ਾਇਦ ਉਨ੍ਹਾਂ ਦੇ ਸਭ ਤੋਂ ਵੱਧ ਕੰਮ ਆਇਆ। ਫਾਈਨਲ ਤੋਂ ਪਹਿਲਾਂ ਭਾਰਤੀ ਕ੍ਰਿਕਟ ਟੀਮ ਆਸਟਰੇਲੀਆਈ ਟੀਮ ਤੋਂ ਹਰ ਪੱਖੋਂ ਬਿਹਤਰ ਨਜ਼ਰ ਆ ਰਹੀ ਸੀ, ਪਰ ਵੱਡੇ ਮੁਕਾਬਲੇ ਦੇ ਮਾਨਸਿਕ ਦਬਾਅ ਹੇਠ ਬਿਖ਼ਰਦੀ ਨਜ਼ਰ ਆਈ। ਫਾਈਨਲ ਤੋਂ ਸਿਵਾਏ ਬਾਕੀ ਮੈਚਾਂ ਵਿੱਚ ਭਾਰਤੀ ਟੀਮ ਦੇ ਬੱਲੇਬਾਜ਼ਾਂ ਤੇ ਗੇਂਦਬਾਜ਼ਾਂ ਨੇ ਸ਼ਾਨਦਾਰ ਕਾਰਗੁਜ਼ਾਰੀ ਵਿਖਾਈ ਅਤੇ ਤਕਰੀਬਨ ਹਰ ਟੀਮ ਨੂੰ ਭਰਵੀਂ ਹਾਰ ਦਿੱਤੀ। ਇਸ ਦੇ ਮੁਕਾਬਲੇ ਆਸਟਰੇਲੀਆ ਦੀ ਟੀਮ ਆਪਣੇ ਮੁਢਲੇ ਮੈਚਾਂ ਵਿੱਚ ਕਾਫੀ ਲੜਖੜਾਈ ਹੋਈ ਵਿਖਾਈ ਦਿੱਤੀ ਅਤੇ ਭਾਰਤ, ਦੱਖਣੀ ਅਫਰੀਕਾ ਤੇ ਸ੍ਰੀਲੰਕਾ ਕੋਲੋਂ ਆਪਣੇ ਲੀਗ ਮੈਚ ਹਾਰ ਗਈ ਸੀ। ਇੱਥੋਂ ਤੱਕ ਕਿ ਅਫਗਾਨਿਸਤਾਨ ਦੀ ਟੀਮ ਤੋਂ ਹਾਰਦੇ-ਹਾਰਦੇ ਮਸਾਂ ਬਚੀ ਸੀ, ਜਦੋਂ ਤੇਜ਼ ਤਰਾਰ ਖਿਡਾਰੀ ਮੈਕਸਵੈਲ ਨੇ ਇਕੱਲਿਆਂ 200 ਦੌੜਾਂ ਬਣਾ ਕੇ ਕੰਗਾਰੂਆਂ ਦੀ ਬੇੜੀ ਪਾਰ ਲਾਈ। ਆਪਣੇ ਸੈਮੀਫਾਈਨਲ ਮੁਕਾਬਲੇ ਵਿੱਚ ਦੱਖਣੀ ਅਫਰੀਕਾ ਦੀ ਟੀਮ ਖਿਲਾਫ ਵੀ ਆਸਟਰੇਲੀਆ ਦੀ ਟੀਮ ਮਸਾਂ ਹੀ ਜਿੱਤ ਸਕੀ ਸੀ; ਪਰ ਹਾਰਾਂ ਵਿੱਚੋਂ ਵਾਰ-ਵਾਰ ਉਭਰਨ ਦਾ ਇਸ ਟੀਮ ਦਾ ਇਸੇ ਟੂਰਨਾਮੈਂਟ ਦਾ ਤਜ਼ਰਬਾ ਵੀ ਇਹਦੇ ਕੰਮ ਆਇਆ।

19 ਨਵੰਬਰ ਨੂੰ ਭਾਰਤ ਵਿੱਚ ਸੰਪਨ ਹੋਏ ਇਸ ਇੱਕ ਦਿਨਾ ਵਰਲਡ ਕ੍ਰਿਕਟ ਕੱਪ ਵਿੱਚ ਚੈਂਪੀਅਨਸ਼ਿੱਪ ਦੀਆਂ ਦਾਅਵੇਦਾਰ ਟੀਮਾਂ ਇੰਗਲੈਂਡ ਅਤੇ ਨਿਊਜ਼ੀਲੈਂਡ ਵੀ ਆਸ ਦੇ ਅਨੁਕੂਲ ਪ੍ਰਦਰਸ਼ਨ ਨਹੀਂ ਕਰ ਸਕੀਆਂ। ਨਿਊਜ਼ੀਲੈਂਡ

⇒ ਬਾਕੀ ਸਫਾ 8 ਉਤੇ ਪੜ੍ਹੋ

Maaco COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing
252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel




Rajveer S. Gill
847-907-1525
773-517-0574
www.RegalJewels.com


ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

ਮਨਮਿੰਦਰ ਸਿੰਘ ਹੀਰ ਤੇ ਓਂਕਾਰ ਸਿੰਘ ਹੀਰ ਅਤੇ ਸਮੂਹ ਪਰਿਵਾਰ ਵੱਲੋਂ ਆਪ ਸਭ ਨੂੰ

ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਦੀਆਂ

ਕੋਟਾਨਿ ਕੋਟਿ ਵਧਾਈਆਂ

ਗੁਰੂ ਨਾਨਕ ਸਾਹਿਬ ਦੀ ਮਿਹਰ ਨਾਲ ਤੁਹਾਡਾ ਹਰ ਮੈਦਾਨ ਫਤਿਹ ਹੋਵੇ



Manminder Singh Heer 630-709-5331 & Onkar Singh Heer 630-396-0777

Contact For Shipping & Printing Services

OM Transportation Inc

& UPS Store 4488 Plainfield, IL

# ਕੇਂਦਰ ਵੱਲੋਂ ਜੱਜਾਂ ਦੀ ਨਿਯੁਕਤੀ ਸਬੰਧੀ ਅਪਨਾਈ ਜਾ ਰਹੀ ਨੀਤੀ ਤੋਂ ਸੁਪਰੀਮ ਕੋਰਟ ਨਾਰਾਜ਼

## ਸੀਨੀਅਰ ਸਿੱਖ ਵਕੀਲਾਂ ਦੀ ਜੱਜਾਂ ਵਜੋਂ ਨਿਯੁਕਤੀ ਰੋਕਣ 'ਤੇ ਸਿੱਖ ਲੀਡਰਸ਼ਿਪ ਵਿੱਚ ਰੋਸ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਦੋ ਸੀਨੀਅਰ ਵਕੀਲਾਂ ਦੀ ਜੱਜਾਂ ਵਜੋਂ ਨਿਯੁਕਤੀ ਨੂੰ ਕੇਂਦਰ ਸਰਕਾਰ ਵੱਲੋਂ ਰੋਕ ਰੱਖੇ ਜਾਣ 'ਤੇ ਸੁਪਰੀਮ ਕੋਰਟ ਨੇ ਸਖਤ ਇਤਰਾਜ਼ ਜਾਹਰ ਕੀਤਾ ਹੈ। ਇਸ ਤੋਂ ਇਲਾਵਾ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਦੀਆਂ ਨਿਯੁਕਤੀਆਂ ਸਬੰਧੀ ਕੌਲੇਜੀਅਮ ਵੱਲੋਂ ਹਾਈਕੋਰਟ ਤੋਂ ਸੁਪਰੀਮ ਕੋਰਟ ਵਿੱਚ ਪ੍ਰੋਮੋਟ ਕੀਤੇ ਜਾਣ ਵਾਲੇ 11 ਜੱਜਾਂ ਵਿੱਚੋਂ 6 ਦੀਆਂ ਨਿਯੁਕਤੀਆਂ ਕੇਂਦਰ ਸਰਕਾਰ ਵੱਲੋਂ ਰੋਕੇ ਜਾਣ 'ਤੇ ਵੀ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਇਤਰਾਜ਼ ਜ਼ਾਹਰ ਕੀਤਾ ਹੈ। ਸਿੱਖ ਜੱਜਾਂ ਦੀਆਂ ਨਿਯੁਕਤੀਆਂ ਰੋਕੇ ਜਾਣ 'ਤੇ ਸਿੱਖ ਲੀਡਰਸ਼ਿਪ ਨੇ ਜ਼ੋਰਦਾਰ ਰੋਸ ਪ੍ਰਗਟ ਕੀਤਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਹ ਸਿੱਖਾਂ ਨਾਲ ਵਿਤਕਰੇ ਦੀ ਸਪਸ਼ਟ ਮਿਸਾਲ ਹੈ।

ਉਪਰੋਕਤ ਮਸਲਿਆਂ ਦੇ ਸਬੰਧ ਵਿੱਚ ਦੋ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਦੋ ਮੈਂਬਰੀ ਬੈਂਚ ਦੇ ਜਸਟਿਸ ਸੰਜੈ ਕੌਲ ਅਤੇ ਜਸਟਿਸ ਸਿਧਾਂਸ਼ੂ ਧੂਲੀਆ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੌਲੇਜੀਅਮ ਵੱਲੋਂ ਸਿਫਾਰਸ਼ ਕੀਤੇ ਨਾਂਵਾਂ ਵਿੱਚੋਂ ਵੀ ਪਿੱਕ ਐਂਡ ਚੂਜ਼ ਦੀ ਨੀਤੀ ਅਪਨਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੱਜਾਂ ਦੀ ਨਿਯੁਕਤੀ ਸਬੰਧੀ ਅਪਨਾਈ ਜਾ ਰਹੀ ਇਹ ਪੱਖ-ਪਾਤੀ ਨੀਤੀ ਚੰਗੇ ਸੰਕੇਤ ਨਹੀਂ ਦੇ ਰਹੀ। ਸਿਫਾਰਸ਼ ਕੀਤੇ ਗਏ ਜਿਨ੍ਹਾਂ ਨਾਂਵਾਂ 'ਤੇ ਸਰਕਾਰ ਵੱਲੋਂ ਮੋਹਰ ਲਗਾਈ ਗਈ ਹੈ, ਉਨ੍ਹਾਂ ਵਿੱਚ ਕਈ ਬਾਕੀ ਬਚਿਆਂ ਨਾਲੋਂ ਜੂਨੀਅਰ ਹਨ। ਬੈਂਚ ਨੇ ਕਿਹਾ ਕਿ ਅਜਿਹਾ ਕਰਨ ਨਾਲ ਸੀਨੀਅਰਤਾ ਨੂੰ ਠੇਸ ਲਗਦੀ ਹੈ। ਅਦਾਲਤ ਨੇ ਇੱਥੋਂ ਤੱਕ ਕਿਹਾ ਕਿ 'ਅਸੀਂ ਪੁਰਾਣੇ ਮਸਲਿਆਂ ਨੂੰ ਦਰੁਸਤ ਕਰਨ ਦਾ ਯਤਨ ਕਰ ਰਹੇ ਹਾਂ, ਤੁਸੀਂ ਨਵੇਂ ਪੈਦਾ ਕਰੀ ਜਾ ਰਹੇ ਹੋ?'

ਸਿਖਰਲੀ ਅਦਾਲਤ ਵੱਲੋਂ ਜਿਨ੍ਹਾਂ 11 ਜੱਜਾਂ ਨੂੰ ਤਰੱਕੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ, ਉਨ੍ਹਾਂ ਵਿੱਚੋਂ ਪੰਜ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਬਾਕੀ ਛੇ ਹਾਲੇ ਆਪਣੀ ਪ੍ਰੋਮੋਸ਼ਨ ਦੇ ਨੋਟੀਫਿਕੇਸ਼ਨ ਦੀ ਉਡੀਕ ਰਹੇ ਹਨ। ਇਨ੍ਹਾਂ ਵਿੱਚੋਂ ਚਾਰ ਗੁਜਰਾਤ ਹਾਈਕੋਰਟ ਨਾਲ ਸਬੰਧਤ ਹਨ ਅਤੇ ਇੱਕ-ਇੱਕ ਅਲਾਹਾਬਾਦ ਅਤੇ ਦਿੱਲੀ ਹਾਈਕੋਰਟ ਨਾਲ ਸਬੰਧਤ ਹੈ।

ਬੈਂਚ ਦੇ ਜੱਜਾਂ ਨੇ ਇਹ ਵੀ ਕਿਹਾ ਕਿ ਹਾਲ ਹੀ ਵਿੱਚ ਹਾਈਕੋਰਟਾਂ ਦੇ ਲਈ ਕੁਝ ਜੱਜਾਂ ਦੇ ਨਾਂਵਾਂ ਦੀ ਸਿਫਾਰਸ਼ ਕੀਤੀ ਗਈ ਸੀ, ਇਨ੍ਹਾਂ ਵਿੱਚੋਂ 8 ਨਾਂਵਾਂ ਨੂੰ ਹਾਲੇ ਤੱਕ ਮਨਜ਼ੂਰੀ ਨਹੀਂ ਦਿੱਤੀ ਗਈ। ਇਨ੍ਹਾਂ ਵਿੱਚੋਂ ਕੁਝ ਜੱਜ ਅਜਿਹੇ ਹਨ, ਜੋ ਨਿਯੁਕਤ ਕੀਤੇ ਜੱਜਾਂ ਨਾਲੋਂ ਸੀਨੀਅਰ ਹਨ। ਸੁਣਵਾਈ ਦੌਰਾਨ ਜਸਟਿਸ ਸੰਜੇ ਕਿਸ਼ਨ ਕੌਲ ਨੇ ਅਟਾਰਨੀ ਜਨਰਲ ਆਰ ਵੈਂਕਟਰਮਨੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ 'ਮੈਂ ਪਿਛਲੀ ਵਾਰ ਵੀ ਕਿਹਾ ਸੀ ਕਿ ਚੋਣਵੇਂ ਤਬਾਦਲੇ ਨਾ ਕਰੋ, ਇਸ ਨਾਲ ਗਲਤ ਸੰਕੇਤ ਜਾਂਦੇ ਹਨ।'


ਯਾਦ ਰਹੇ, ਇਹ ਬੈਂਚ ਜੱਜਾਂ ਦੀਆਂ ਨਿਯੁਕਤੀਆਂ ਅਤੇ ਤਬਾਦਲਿਆਂ ਲਈ ਸਿਫਾਰਸ਼ ਕੀਤੇ ਨਾਂਵਾਂ ਸਬੰਧੀ ਦੋ ਪਟੀਸ਼ਨਾਂ ਦੀ ਸੁਣਵਾਈ ਕਰ ਰਿਹਾ ਹੈ। ਸਰਕਾਰ ਵੱਲੋਂ ਨਿਯੁਕਤ ਅਟਾਰਨੀ ਜਨਰਲ ਵੈਂਕਟਰਮਨੀ ਨੇ ਕਿਹਾ ਕਿ ਇਸ ਮਸਲੇ 'ਤੇ ਹਫਤੇ-ਦਸ ਦਿਨ ਵਿੱਚ ਚੀਜ਼ਾਂ ਸਾਫ ਹੋ ਜਾਣਗੀਆਂ। ਸੁਪਰੀਮ ਕੋਰਟ ਵੱਲੋਂ ਅਗਲੀ ਸੁਣਵਾਈ 5 ਦਸੰਬਰ ਨੂੰ ਰੱਖੀ ਗਈ ਹੈ।

ਕੇਂਦਰ ਨੇ ਸਿੱਖ ਜੱਜਾਂ ਦੀਆਂ ਨਿਯੁਕਤੀਆਂ ਰੋਕੀਆਂ: ਇਸ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਨਾਲ ਜੁੜਿਆ ਮਸਲਾ ਵੀ ਉਭਰਿਆ। ਕੌਲੇਜੀਅਮ ਵੱਲੋਂ ਹਾਈਕੋਰਟ ਦੇ ਦੋ ਸੀਨੀਅਰ ਸਿੱਖ ਵਕੀਲਾਂ ਹਰਮੀਤ ਸਿੰਘ ਗਰੇਵਾਲ ਅਤੇ ਦੀਪਇੰਦਰ ਸਿੰਘ ਨਲਵਾ ਦੀ ਜੱਜਾਂ ਵਜੋਂ ਨਿਯੁਕਤੀ ਰੋਕ ਲਈ ਗਈ ਹੈ, ਜਦਕਿ ਤਿੰਨ ਹੋਰ ਨਾਂਵਾਂ ਨੂੰ ਪ੍ਰਵਾਨ ਕਰਦਿਆਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਨ੍ਹਾਂ ਸਿੱਖ ਵਕੀਲਾਂ ਦੀ ਜੱਜਾਂ ਵਜੋਂ ਨਿਯੁਕਤੀ ਰੋਕਣ ਵਿਰੁਧ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਗਰੇਵਾਲ, ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਰੋਸ ਦਾ ਪ੍ਰਗਟਾਵਾ ਕੀਤਾ ਹੈ।

ਇਸ ਸਬੰਧ ਵਿੱਚ ਆਪਣਾ ਇੱਕ ਬਿਆਨ ਜਾਰੀ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜੱਜਾਂ ਦੀਆਂ ਨਿਯੁਕਤੀਆਂ ਸਬੰਧੀ ਬਣੇ ਕੌਲੇਜੀਅਮ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਬਾਵਜੂਦ ਸਿੱਖ ਵਕੀਲਾਂ ਦੀਆਂ ਜੱਜਾਂ ਵਜੋਂ ਨਿਯਕਤੀਆਂ ਨਾ ਕਰਨਾ ਸਿੱਖਾਂ ਨੂੰ ਇਸ ਦੇਸ਼ ਵਿੱਚ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਂਗ ਹੈ। ਜਥੇਦਾਰ ਨੇ ਕਿਹਾ ਕਿ ਸਿੱਖਾਂ ਨਾਲ ਜਾਣ-ਬੁੱਝ ਕੇ ਵਿਤਕਰਾ ਕਰਨ ਤੋਂ ਸਿਵਾਏ ਇਨ੍ਹਾਂ ਨਿਯੁਕਤੀਆਂ ਨੂੰ ਰੋਕਣ ਦਾ ਹੋਰ ਕੋਈ ਕਾਰਨ ਵਿਖਾਈ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ 80 ਫੀਸਦੀ ਕੁਰਬਾਨੀਆਂ ਕੀਤੀਆਂ ਹਨ। ਸਿੱਖ ਅੱਜ ਵੀ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਕੁਰਬਾਨ ਹੋ ਰਹੇ ਹਨ। ਯੋਗਤਾ ਦੇ ਬਾਵਜੂਦ ਸਿੱਖਾਂ ਪ੍ਰਤੀ ਇਸ ਕਿਸਮ ਦਾ ਵਤੀਰਾ ਮੰਦਭਾਗਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਦੋ ਸਿੱਖ ਵਕੀਲਾਂ ਦੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਜੱਜਾਂ ਵਜੋਂ ਨਿਯੁਕਤੀ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਵਾਉਣ ਲਈ ਦਖਲ ਦੇਣ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਦੋ ਸਿੱਖ ਵਕੀਲਾਂ ਦੀ ਨਿਯੁਕਤੀ ਕੇਂਦਰ ਸਰਕਾਰ ਨੇ ਰੋਕ ਲਈ ਹੈ, ਜਦਕਿ ਤਿੰਨ ਹੋਰਨਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ 'ਚ ਪ੍ਰਤੀਕਰਮ ਪ੍ਰਗਟ ਕਰਦਿਆਂ ਇਸ ਘਟਨਾ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਦੋ ਸਿੱਖ ਜੱਜਾਂ ਦੀ ਨਿਯੁਕਤੀ ਤੁਰੰਤ ਕਰਨੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕਿ ਕੇਂਦਰ ਸਰਕਾਰ ਸਪਸ਼ਟ ਕਰੇ ਕਿ ਸਿੱਖ ਜੱਜਾਂ ਦੀ ਨਿਯੁਕਤੀ ਨੂੰ ਕਿਸ ਨੀਤੀ ਤਹਿਤ ਰੋਕਿਆ ਗਿਆ ਹੈ।

# ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰੂ ਨਾਨਕ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

**ਸ਼ਿਕਾਗੋ:** ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਲੰਘੇ ਐਤਵਾਰ ਨੂੰ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਆਪੋ ਆਪਣੀ ਪ੍ਰਤਿਭਾ ਤੇ ਸਮਰੱਥਾ ਮੁਤਾਬਕ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫ਼ੇ ਸਮੇਤ ਉਨ੍ਹਾਂ ਦੀ ਬਾਣੀ ਦਾ ਸੰਦੇਸ਼ ਸੰਗਤ ਨਾਲ ਸਾਂਝਾ ਕੀਤਾ। ਇਸ ਤੋਂ ਇਲਾਵਾ

**ਕੁਲਜੀਤ ਦਿਆਲਪੁਰੀ**

ਸ਼ਬਦ ਗਾਇਨ ਕੀਤਾ ਅਤੇ ਨਿੱਕੀਆਂ ਨਿੱਕੀਆਂ ਤਕਰੀਰਾਂ ਤੇ ਧਾਰਮਿਕ ਕਵਿਤਾਵਾਂ ਰਾਹੀਂ ਗੁਰਪੁਰਬ ਦੀਆਂ ਖੁਸ਼ੀਆਂ ਮਨਾਈਆਂ।

ਉਂਜ ਤਾਂ ਆਪੋ ਆਪਣੇ ਪੱਧਰ ਉੱਤੇ ਪੇਸ਼ ਸਾਰੀਆਂ ਵੰਨਗੀਆਂ ਬਾਖੂਬ ਸੁਨੇਹਾ ਦੇ ਰਹੀਆਂ ਸਨ, ਪਰ ਬੱਚਿਆਂ ਵੱਲੋਂ ਜਪੁਜੀ ਸਾਹਿਬ ਦੇ ਪਾਠ ਦਾ ਸਮੂਹਿਕ ਰੂਪ ਵਿੱਚ ਕੀਤਾ ਗਿਆ ਗਾਇਨ ਬਹੁਤ ਰਸਭਿੰਨਾ ਤੇ ਅਨੰਦਮਈ ਸੀ। ਦਿਲਚਸਪ ਇਹ ਸੀ ਕਿ ਬਹੁਤੀ ਸੰਗਤ ਵੀ ਨਾਲ ਨਾਲ ਜਪੁਜੀ ਸਾਹਿਬ ਦਾ ਪਾਠ ਪੜ੍ਹ ਤੇ ਗਾ ਰਹੀ ਸੀ। ਗੁਰਮਤਿ ਸਕੂਲ ਦੇ ਲੈਵਲ 7 ਅਤੇ 8 ਦੇ ਵਿਦਿਆਰਥੀਆਂ ਦੀ ਇਸ ਪਿੱਛੇ ਸਮਰਪਣ ਭਰਪੂਰ ਭਾਵਨਾ ਤੇ ਲੰਮੇ ਸਮੇਂ ਲਈ ਕੀਤਾ ਰਿਆਜ਼ ਸਪਸ਼ਟ ਮਹਿਸੂਸ ਹੋ ਰਹੇ ਸਨ।

ਸਮਾਗਮ ਗੁਰੂ ਘਰ ਦੇ ਦੀਵਾਨ ਹਾਲ ਵਿੱਚ ਕੀਤਾ ਗਿਆ। ਵਿਸ਼ੇਸ਼ ਇਹ ਵੀ ਸੀ ਕਿ ਸਾਰੇ ਬੱਚੇ ਸਫੈਦ ਪਹਿਰਾਵੇ ਵਿੱਚ ਸਨ। ਕੁਝ ਨੇ ਨੀਲਾ ਬਾਣਾ ਵੀ ਪਹਿਨਿਆ ਹੋਇਆ ਸੀ। ਕੁੜੀਆਂ ਨੇ ਸਿਰ ਉੱਤੇ ਚੁੰਨੀਆਂ ਤੇ ਕੇਸਕੀਆਂ ਸੁਚੱਜੇ ਢੰਗ ਨਾਲ ਸਜਾਈਆਂ ਹੋਈਆਂ ਸਨ, ਜਦਕਿ ਮੁੰਡੇ ਪਟਕੇ, ਕੇਸਕੀਆਂ ਤੇ ਦਸਤਾਰਾਂ ਸਜਾ ਕੇ ਆਏ ਹੋਏ ਸਨ। ਗੁਰਮਤਿ ਸਕੂਲ ਦੇ ਬੱਚਿਆਂ ਦੀ ਮਿਹਨਤ ਅਤੇ ਲਗਨ ਸਦਕਾ ਪ੍ਰੋਗਰਾਮ ਬਹੁਤ ਹੀ ਯਾਦਗਾਰੀ ਹੋ ਨਿਬੜਿਆ। ਵਿਦਿਆਰਥੀਆਂ ਤੋਂ ਇਲਾਵਾ ਸਕੂਲ ਦੇ ਅਧਿਆਪਕਾਂ ਤੇ ਮਾਪਿਆਂ ਦੀ ਮਿਹਨਤ ਵੀ ਸਪਸ਼ਟ ਝਲਕ ਰਹੀ ਸੀ। ਸਮਾਗਮ ਪ੍ਰਤੀ ਗੁਰਮਤਿ ਸਕੂਲ ਤੇ ਪ੍ਰਬੰਧਕ ਕਮੇਟੀ ਅਤੇ ਬੱਚਿਆਂ ਦੇ ਮਾਪਿਆਂ ਤੇ ਸੰਗਤ ਦੀ ਪ੍ਰਤੀਕਿਰਿਆ ਵੇਖਣ ਵਾਲੀ ਸੀ।

ਸਮਾਗਮ ਲਈ ਗੁਰਮਤਿ ਸਕੂਲ ਦੇ ਵੱਖ ਵੱਖ ਪੱਧਰਾਂ/ਲੈਵਲਾਂ ਦੀਆਂ ਕਲਾਸਾਂ ਦੇ ਵਿਦਿਆਰਥੀ ਪਿਛਲੇ ਕਈ ਹਫਤਿਆਂ ਤੋਂ ਸਕੂਲ ਵਿੱਚ ਅਤੇ ਆਪੋ ਆਪਣੇ ਘਰਾਂ ਵਿੱਚ ਬੜੀ ਜ਼ਿੰਮੇਵਾਰੀ ਤੇ ਦਿਲਚਸਪੀ ਨਾਲ ਮਿਹਨਤ ਕਰ ਰਹੇ ਸਨ। ਆਪਣੀ ਆਪਣੀ ਕਲਾਸ ਦੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਅਧਿਆਪਕਾਂ ਨੇ ਵੀ ਬੱਚਿਆਂ ਨੂੰ ਤਕਰੀਰਾਂ ਕਰਨ, ਗੁਰਬਾਣੀ ਸ਼ਬਦ ਗਾਇਨ ਤੇ





ਵਿਆਖਿਆ ਕਰਨ ਅਤੇ ਗੁਰੂ ਸਾਹਿਬ ਦੀ ਜੀਵਨ ਜਾਂਚ ਨੂੰ ਆਪਣੀ ਜ਼ਿੰਦਗੀ ਵਿੱਚ ਅਪਨਾਉਣ ਸਬੰਧੀ ਪੇਸ਼ਕਾਰੀਆਂ ਲਈ ਉਚੇਚਾ ਸਹਿਯੋਗ ਦਿੱਤਾ।

ਸਮਾਗਮ ਦੌਰਾਨ ਆਪੋ ਆਪਣੀ ਵਾਰੀ ਉੱਤੇ ਇੱਕ ਇੱਕ ਕਰਕੇ ਅਤੇ ਸਮੂਹਿਕ ਰੂਪ ਵਿੱਚ ਬੱਚੇ ਸੰਗਤ ਦੇ ਰੂਬਰੂ ਹੁੰਦੇ ਰਹੇ। ਐਤਵਾਰ ਦਾ ਲਗਭਗ ਸਾਰਾ ਸਮਾਗਮ ਬੱਚਿਆਂ ਵੱਲੋਂ ਕੀਤਾ ਗਿਆ ਸੀ। ਹਾਰਮੋਨੀਅਮ ਤੇ ਤਬਲਾ ਵਜਾਉਣ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਨਾਲ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਵਾਰੀ ਵਾਰੀ ਚੌਰ ਕਰਨ ਦੀ ਸੇਵਾ ਵੀ ਨਿਭਾਈ।

ਗੁਰਮਤਿ ਸਕੂਲ ਦੇ ਪ੍ਰੀ-ਕੇ ਤੋਂ ਲੈ ਕੇ ਲੈਵਲ-8 ਤੱਕ ਦੇ ਸਾਰੇ ਬੱਚੇ ਪਹਿਲਾਂ ਸਕੂਲ ਵਿੱਚ ਇਕੱਤਰ ਹੋਏ ਅਤੇ ਅਧਿਆਪਕਾਂ ਵੱਲੋਂ ਦਿੱਤੀਆਂ ਹਦਾਇਤਾਂ ਦਾ ਪਾਲਣ ਕਰਦਿਆਂ ਗੁਰਮਤਿ ਮਰਿਆਦਾ ਤੇ ਸਹਿਜ-ਸਲੀਕੇ ਨਾਲ ਦੀਵਾਨ ਹਾਲ ਵਿੱਚ ਪੁੱਜੇ। ਸਕੂਲ ਅਧਿਆਪਕ ਤੇ ਵਾਲੰਟੀਅਰ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ। ਬੱਚਿਆਂ ਨੇ ਗੁਰਪੁਰਬ ਦੀ ਵਧਾਈ ਵਾਲਾ ਬੈਨਰ ਅਤੇ ਨਿਸ਼ਾਨ ਸਾਹਿਬ ਫੜੇ ਹੋਏ ਸਨ। ਬੱਚਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਣ ਪਿੱਛੋਂ ਪ੍ਰੋਗਰਾਮ ਦੀ ਉਲੀਕੀ ਗਈ ਰੂਪ ਰੇਖਾ ਮੁਤਾਬਕ ਗੁਰਮਤਿ ਸਕੂਲ ਦੇ ਪ੍ਰਿੰਸੀਪਲ ਬੀਬੀ ਸਲਵਿੰਦਰ ਕੌਰ ਸੰਧੂ ਤੇ ਗੁਰਤੇਜ ਸਿੰਘ ਨੇ ਪ੍ਰੋਗਰਾਮ ਬਾਰੇ ਸੰਗਤ ਨੂੰ ਜਾਣੂ ਕਰਵਾਇਆ।

ਉਪਰੰਤ ਬੱਚਿਆਂ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦਾ ਪਾਠ ਕੀਤਾ। ਉਨ੍ਹਾਂ ਗੁਰੂ ਸਾਹਿਬਾਨ, ਪੰਜ ਪਿਆਰਿਆਂ ਤੇ ਚਾਰ ਸਾਹਿਬਜ਼ਾਦਿਆਂ ਦੇ ਨਾਂ ਦੱਸੇ। ਨਾਮ ਸਿਮਰਨ ਆਦਿ ਬਾਰੇ ਸੰਖੇਪ ਤਕਰੀਰਾਂ ਕਰਨ ਤੋਂ ਇਲਾਵਾ ਸ਼ਬਦ 'ਅਪਨੀ ਭਗਤੀ ਲਾਇ' ਦਾ ਗਾਇਨ ਕੀਤਾ। ਇਹ ਸਭ ਪ੍ਰੀ-ਕੇ ਦੇ ਬੱਚਿਆਂ ਨੇ ਕੀਤਾ। ਲੈਵਲ-1 ਦੇ ਬੱਚਿਆਂ ਨੇ 'ਕਰਤਾ ਘਰ ਆਇਆ' ਸ਼ਬਦ ਦਾ ਗਾਇਨ ਕੀਤਾ। ਲੈਵਲ-2 ਦੇ ਵਿਦਿਆਰਥੀਆਂ ਨੇ ਮੂਲ ਮੰਤਰ ਅਤੇ ਤਕਰੀਰਾਂ; ਲੈਵਲ-3 ਦੇ ਬੱਚਿਆਂ ਨੇ 'ਨਾਮ ਵਿਟਹੁ ਕੁਰਬਾਨ' ਸ਼ਬਦ ਦਾ ਗਾਇਨ ਕਰਨ ਤੋਂ ਇਲਾਵਾ ਤਕਰੀਰਾਂ ਤੇ ਕਵਿਤਾ ਦਾ ਪਾਠ ਕੀਤਾ।

ਲੈਵਲ-4 ਦੇ ਬੱਚਿਆਂ ਨੇ 'ਤੇਰੇ ਗੁਣ ਗਾਵਾ' ਸ਼ਬਦ ਦਾ ਗਾਇਨ ਕੀਤਾ ਤੇ ਕਵਿਤਾ ਪੜ੍ਹੀ। ਲੈਵਲ-5 ਦੇ ਬੱਚਿਆਂ ਨੇ 'ਸਤਿਗੁਰ ਨਾਨਕ ਪ੍ਰਗਟਿਆ' ਅਤੇ ਲੈਵਲ-6 ਦੇ ਬੱਚਿਆਂ ਨੇ ਸ਼ਬਦ 'ਚੰਦ ਚੜਿਆ' ਤੇ 'ਕਲੁ ਤਾਰਣਿ ਗੁਰੂ ਨਾਨਕ ਆਇਆ' ਦਾ ਗਾਇਨ ਕਰਕੇ ਗੁਰਪੁਰਬ ਮਨਾਇਆ। ਬੱਚਿਆਂ- ਪ੍ਰਭਗੁਨ, ਸੁਖਮਨੀ ਕੌਰ, ਅਗਮ ਸਿੰਘ ਤੇ ਹੋਰ ਬੱਚਿਆਂ ਨੇ ਤਕਰੀਰਾਂ ਕੀਤੀਆਂ, ਜਦਕਿ ਹਰਜੋਬਨ ਸਿੰਘ ਤੇ ਏਕਮ ਸਿੰਘ ਨੇ ਗੁਰਪੁਰਬ ਸਬੰਧੀ ਕਵਿਤਾਵਾਂ ਪੇਸ਼ ਕੀਤੀਆਂ। ਗੁਰਮਨ ਕੌਰ ਤੇ ਰਨਸ਼ੇਰ ਸਿੰਘ ਨੇ ਆਨੰਦ ਸਾਹਿਬ ਦਾ ਪਾਠ ਕੀਤਾ।

ਇਸ ਮੌਕੇ ਬੋਲਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ, ਗੁਰਮਤਿ ਸਕੂਲ ਦੇ ਪ੍ਰਿੰਸੀਪਲ ਬੀਬੀ ਸਲਵਿੰਦਰ ਕੌਰ ਸੰਧੂ, ਗੁਰੂ ਘਰ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਤੇ ਨੌਜਵਾਨ ਵਾਲੰਟੀਅਰ ਸੀਰਤ ਕੌਰ ਕਲੇਰ ਨੇ ਬੱਚਿਆਂ ਦੇ ਇਸ ਉਪਰਾਲੇ ਦੀ ਭਰਵੀਂ ਤਾਰੀਫ ਕੀਤੀ ਅਤੇ ਆਪਣੇ ਭਾਵ ਪ੍ਰਗਟਾਉਂਦਿਆਂ ਕਿਹਾ ਕਿ ਬੱਚਿਆਂ ਤੇ ਅਧਿਆਪਕਾਂ ਨੇ ਬਹੁਤ ਮਿਹਨਤ ਕੀਤੀ ਹੈ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਗੁਰੂ ਘਰ ਲੈ ਕੇ ਆਉਣ ਅਤੇ ਆਪਣੀ ਵਿਰਾਸਤ ਨਾਲ ਜੋੜਨ, ਕਿਉਂਕਿ ਭਵਿੱਖ ਵਿੱਚ ਇਨ੍ਹਾਂ ਨੇ ਹੀ ਪੰਥ ਦੀ ਵਾਗਡੋਰ ਸੰਭਾਲਣੀ ਹੈ। ਬੁਲਾਰਿਆਂ ਅਨੁਸਾਰ ਬੱਚਿਆਂ ਦੀ ਮਿਹਨਤ ਅਤੇ ਪ੍ਰੋਗਰਾਮ ਉਲੀਕਣ ਵਾਲਿਆਂ ਦਾ ਧੰਨਵਾਦ ਕਰਨ ਲਈ ਉਨ੍ਹਾਂ ਕੋਲ ਸ਼ਬਦ ਨਹੀਂ। ਉਚੇਚਾ ਬੱਚਿਆਂ ਨੂੰ ਸੰਬੋਧਨ ਹੁੰਦਿਆਂ ਉਨ੍ਹਾਂ ਕਿਹਾ ਕਿ ਵਾਹਿਗੁਰੂ ਇਸੇ ਤਰ੍ਹਾਂ ਮਿਹਰ ਦਾ ਹੱਥ ਸਾਰਿਆਂ ਉੱਤੇ ਰੱਖੇ। ਜਿਸ ਮਾਰਗ ਉੱਤੇ ਤੁਸੀਂ ਚੱਲ ਰਹੇ ਹੋ, ਉਸ ਉੱਤੇ ਚਲਦਿਆਂ ਬੁਲੰਦੀਆਂ ਨੂੰ ਛੂਹੋ।



ਸਮਾਗਮ ਦੇ ਪ੍ਰਬੰਧਕਾਂ ਨੇ ਸੰਗਤ ਨੂੰ ਇਹ ਵੀ ਦੱਸਿਆ ਕਿ ਕੁਝ ਬੱਚੇ ਅਜਿਹੇ ਹਨ, ਜਿਨ੍ਹਾਂ ਨੇ ਗੁਰਪੁਰਬ ਸਮਾਗਮ ਵਿੱਚ ਪਹਿਲੀ ਵਾਰ ਹਿੱਸਾ ਲਿਆ ਹੈ। ਉਹ ਪਹਿਲਾਂ ਅੰਦਰੋਂ ਥੋੜ੍ਹੇ ਥੋੜ੍ਹੇ ਡਰੇ ਹੋਏ ਸਨ, ਪਰ ਮਾਹੌਲ ਸੁਖਾਵਾਂ ਬਣ ਜਾਣ ਕਾਰਨ ਉਨ੍ਹਾਂ ਅਭਿਆਸ ਵੀ ਕੀਤਾ ਅਤੇ ਸਮਾਗਮ ਵਿੱਚ ਪੇਸ਼ਕਾਰੀ ਵੀ। ਸੰਗਤ ਨੂੰ ਅਜਿਹੇ ਸਮਾਗਮਾਂ ਲਈ ਉਤਸ਼ਾਹ ਦਿਖਾਉਣ ਅਤੇ ਬੱਚਿਆਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਤਾਂ ਜੋ ਉਨ੍ਹਾਂ ਦਾ ਝਾਕਾ ਖੁੱਲ੍ਹ ਸਕੇ।

ਇਸੇ ਦੌਰਾਨ ਗੁਰਮਤਿ ਸਕੂਲ ਦੀ ਪ੍ਰਿੰਸੀਪਲ ਬੀਬੀ ਸਲਵਿੰਦਰ ਕੌਰ ਸੰਧੂ ਨੇ 'ਪੰਜਾਬੀ ਪਰਵਾਜ਼' ਨਾਲ ਗੱਲ ਕਰਦਿਆਂ ਕਿਹਾ ਕਿ ਗੁਰਪੁਰਬ ਨੂੰ ਮੁੱਖ ਰੱਖਦਿਆਂ ਬੱਚਿਆਂ ਨੂੰ ਦੇਸੀ ਮਹੀਨੇ ਕੱਤਕ ਦੀਆਂ ਧਾਰਮਿਕ, ਇਤਿਹਾਸਕ ਤੇ ਮੌਸਮੀ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਹਾਲ ਹੀ ਵਿੱਚ ਬੱਚਿਆਂ ਨੇ ਪੱਤਝੜ ਬਾਰੇ ਆਪਣੀਆਂ ਕਲਾ ਕ੍ਰਿਤਾਂ ਤਿਆਰ ਕਰ ਕੇ ਵਾਹ ਵਾਹ ਖੱਟੀ ਹੈ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਸਕੂਲ ਵਿੱਚ ਸਿੱਖ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ। ਅਰਦਾਸ ਵਿੱਚ ਕੀ ਕੀ ਆਉਂਦਾ ਹੈ ਅਤੇ ਅਰਦਾਸ ਕਿਉਂ ਤੇ ਕਿਵੇਂ ਕਰਨੀ ਹੈ, ਬਾਰੇ ਵੀ ਬੱਚਿਆਂ ਨੂੰ ਸਿਖਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਲੈਵਲ-8 ਇਸੇ ਸਾਲ ਤੋਂ ਸ਼ੁਰੂ ਕੀਤਾ ਗਿਆ ਹੈ। ਗੁਰੂਘਰ ਵੱਲੋਂ ਸਹਿਜ ਪਾਠ ਅਤੇ ਜਪੁਜੀ ਸਾਹਿਬ ਕਰਨ ਸਬੰਧੀ ਸਕਾਲਰਸ਼ਿਪ ਵੀ ਦਿੱਤੀ ਗਈ ਹੈ। ਕਥਾਵਾਚਕ ਭਾਈ ਲਖਵਿੰਦਰ ਸਿੰਘ ਬੱਚਿਆਂ ਨੂੰ ਮਰਿਆਦਾ ਅਨੁਸਾਰ ਸਹਿਜ ਪਾਠ ਕਰਨ ਵਿੱਚ ਸਹਿਯੋਗ ਕਰਦੇ ਹਨ ਅਤੇ ਕੀਰਤਨੀਏ ਭਾਈ ਵੀਰ ਸਿੰਘ ਤੇ ਉਨ੍ਹਾਂ ਦੇ ਤਬਲਾਵਾਦਕ ਸਾਥੀ ਬੱਚਿਆਂ ਨੂੰ ਗੁਰਬਾਣੀ ਕੀਰਤਨ ਕਰਨਾ ਸਿਖਾਉਂਦੇ ਹਨ। ਜ਼ਿਕਰਯੋਗ ਹੈ ਕਿ ਗੁਰਮਤਿ ਸਕੂਲ ਦੇ ਵੱਖ ਵੱਖ ਲੈਵਲ ਦੀਆਂ ਕਲਾਸਾਂ 'ਚ ਡੇਢ ਸੌ ਦੇ ਕਰੀਬ ਬੱਚੇ ਪੜ੍ਹਦੇ ਹਨ ਅਤੇ ਡੇਢ ਦਰਜਨ ਦੇ ਕਰੀਬ ਅਧਿਆਪਕ ਤੇ ਸਹਾਇਕ ਅਧਿਆਪਕ ਸੇਵਾ ਨਿਭਾਅ ਰਹੇ ਹਨ।






ਤਸਵੀਰਾਂ: ਇੰਦਰਮੋਹਨ ਸਿੰਘ ਮੋਖਾ

# ਸੁਰੰਗ ਵਿੱਚ ਫਸੇ 41 ਮਜ਼ਦੂਰਾਂ ਦੇ ਬਚਾਅ ਲਈ ਰਾਹਤ ਕਾਰਜ ਜਾਰੀ

**-ਮਜ਼ਦੂਰਾਂ ਤੱਕ ਰਾਹਤ ਪਹੁੰਚਾਉਣ ਲਈ ਛੇ ਇੰਚ ਚੌੜੀ ਪਾਈਪ ਪਾਈ**
**-ਸੁਰੰਗ ਬਣਾ ਰਹੀ ਕੰਪਨੀ ਵੱਲੋਂ ਕੀਤੀਆਂ ਗਈਆਂ ਵੱਡੀਆਂ ਅਣਗਹਿਲੀਆਂ**

**ਜਸਵੀਰ ਸਿੰਘ ਸ਼ੀਰੀ**


ਉੱਤਰਾਖੰਡ ਦੇ ਉੱਤਰਕਾਸ਼ੀ ਵਿੱਚ ਇੱਕ ਸੁਰੰਗ ਵਿੱਚ ਫਸੇ 41 ਮਜ਼ਦੂਰਾਂ ਨੂੰ ਇਹ 11ਵਾਂ ਦਿਨ (23 ਨਵੰਬਰ) ਹੋ ਗਿਆ ਹੈ, ਹਾਲੇ ਵੀ ਉਨ੍ਹਾਂ ਨੂੰ ਬਾਹਰ ਕੱਢਣ ਵਿੱਚ ਜੁਟੇ ਅਧਿਕਾਰੀ ਇਹ ਨਹੀਂ ਦੱਸ ਪਾ ਰਹੇ ਕਿ ਅੰਦਰ ਫਸੇ ਮਜ਼ਦੂਰਾਂ ਨੂੰ ਬਾਹਰ ਕੱਢਣ ਲਈ ਕਿੰਨੇ ਦਿਨ ਲੱਗਣਗੇ! ਫਿਰ ਵੀ ਇਹ ਰਾਹਤ ਵਾਲੀ ਸੂਚਨਾ ਹੈ ਕਿ ਸੁਰੰਗ ਵਿੱਚ ਫਸੇ ਮਜ਼ਦੂਰਾਂ ਤੱਕ ਖਾਣ-ਪੀਣ ਦਾ ਸਮਾਨ ਪਹੁੰਚਾਉਣ ਅਤੇ ਉਨ੍ਹਾਂ ਨਾਲ ਸੰਪਰਕ ਕਾਇਮ ਰੱਖਣ ਲਈ ਬਚਾਅ ਕਾਰਜਾਂ ਵਿੱਚ ਲੱਗੇ ਅਧਿਕਾਰੀ 53 ਮੀਟਰ ਲੰਬੀ ਅਤੇ ਛੇ ਇੰਚ ਚੌੜੀ ਪਾਈਪ ਪਾਉਣ ਵਿੱਚ ਕਾਮਯਾਬ ਹੋ ਗਏ ਹਨ।

ਯਾਦ ਰਹੇ, 'ਦੋ' ਇੰਚ ਚੌੜੀ ਇੱਕ ਪਾਈਪ ਦੀ ਪਹਿਲਾਂ ਹੀ ਮਜ਼ਦੂਰਾਂ ਤੱਕ ਪਹੁੰਚ ਹੈ, ਜਿਸ ਰਾਹੀਂ ਅਧਿਕਾਰੀ ਉਨ੍ਹਾਂ ਨੂੰ ਪਾਣੀ-ਧਾਣੀ ਪਹੁੰਚਾ ਰਹੇ ਹਨ ਅਤੇ ਸੰਪਰਕ ਬਣਾ ਕੇ ਰੱਖ ਰਹੇ ਹਨ। ਉੱਤਰਕਾਸ਼ੀ ਦੇ ਸਿਕਲਿਆਰਾ ਤੋਂ ਬਾਰਕੋਟ ਤੱਕ ਚਾਰ ਮਾਰਗੀ ਨੈਸ਼ਨਲ ਹਾਈਵੇ 'ਤੇ ਭੁਰਪੁਰੀਆਂ ਪਹਾੜੀਆਂ ਦੇ ਹੇਠੋਂ ਦੀ ਬਣਾਈ ਜਾ ਰਹੀ ਇਸ ਸੁਰੰਗ ਦਾ ਇੱਕ ਹਿੱਸਾ 12 ਨਵੰਬਰ ਨੂੰ ਦੀਵਾਲੀ ਵਾਲੇ ਦਿਨ ਹੇਠਾਂ ਡਿੱਗ ਪਿਆ ਸੀ। ਸਿਕਲਿਆਰਾ ਵਾਲੇ ਪਾਸੇ ਦੇ ਦਰਵਾਜ਼ੇ (ਮੁਹਾਨੇ) ਤੋਂ 210 ਮੀਟਰ ਦੂਰ ਸੁਰੰਗ ਦੀ ਛੱਤ ਦਾ ਮਲਬਾ ਹੇਠਾਂ ਡਿੱਗ ਗਿਆ, ਜਿਸ ਕਾਰਨ ਸੁਰੰਗ ਦੋਨੋਂ ਪਾਸੇ ਤੋਂ ਬੰਦ ਹੋ ਗਈ।

ਕਿਹਾ ਜਾ ਰਿਹਾ ਹੈ ਕਿ ਨੀਮ ਹਿਮਾਲਿਅਨ ਖੇਤਰ ਵਿੱਚ ਬਣਾਈ ਜਾ ਰਹੀ ਇਹ ਸਭ ਤੋਂ ਚੌੜੀ ਸੁਰੰਗ ਹੈ। ਸਾਢੇ ਚਾਰ ਕਿਲੋਮੀਟਰ ਵਿੱਚ ਬਣਾਈ ਜਾਣ ਵਾਲੀ ਇਸ ਸੁਰੰਗ ਦਾ ਬਾਰਕੋਟ ਵਾਲੇ ਪਾਸੇ ਤੋਂ ਸਿਰਫ 500 ਮੀਟਰ ਦਾ ਖੇਤਰ ਹਾਲੇ ਬਣਾਇਆ ਜਾਣਾ ਬਾਕੀ ਸੀ। ਇੰਜ ਅੰਦਰ ਤਕਰੀਬਨ ਦੋ ਕਿਲੋਮੀਟਰ ਦਾ ਖੇਤਰ ਹੈ, ਜਿਸ ਵਿੱਚ ਮਜ਼ਦੂਰ ਫਸੇ ਹੋਏ ਹਨ। ਸੁਰੰਗ ਅੰਦਰ ਬਿਜਲੀ ਵਗੈਰਾ ਦਾ ਪ੍ਰਬੰਧ ਹੈ। ਬਾਰਡਰ ਰੋਡ ਆਰਗੇਨਾਈਜੇਸ਼ਨ, ਰੇਲਵੇ ਵਿਕਾਸ ਨਿਗਮ, ਟੀ. ਐਚ. ਡੀ. ਸੀ. ਅਤੇ ਐਨ. ਐਚ. ਡੀ. ਸੀ. ਜਿਹੇ ਵਿਭਾਗ ਮਜ਼ਦੂਰਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਹਨ। ਰਾਹਤ ਕਾਰਜਾਂ ਵਿੱਚ ਭਾਰਤੀ ਫੌਜ ਦੀ ਵੀ ਮਦਦ ਲਈ ਜਾ ਰਹੀ ਹੈ।

ਆਪਣੀ ਪਹਿਲੀ ਕੋਸ਼ਿਸ਼ ਵਿੱਚ ਅਧਿਕਾਰੀਆਂ ਨੇ ਇੱਕ ਮੀਟਰ ਚੌੜੀ ਪਾਈਪ ਢੱਠੀ ਸੁਰੰਗ ਦੇ ਮਲਬੇ ਵਿੱਚੋਂ ਦੀ ਅੰਦਰ ਭੇਜਣ ਦਾ ਯਤਨ ਕੀਤਾ, ਪਰ ਇਹ ਕੋਸ਼ਿਸ਼ ਸਫਲ ਨਾ ਹੋ ਸਕੀ। ਕੋਈ ਵੱਡਾ ਪੱਥਰ ਅੱਗੇ ਆ ਜਾਣ ਕਾਰਨ ਬੋਰਿੰਗ ਮਸ਼ੀਨ ਟੁੱਟ ਗਈ। ਇੱਕ ਹੋਰ ਮਸ਼ੀਨ ਜਿਹੜੀ ਘਟਨਾ ਸਥਾਨ ਵੱਲ ਟਰੱਕ ਵਿੱਚ ਲੱਦ ਕੇ ਲਿਆਂਦੀ ਜਾ ਰਹੀ ਸੀ, ਪਹਾੜੀ ਖੱਡ ਵਿੱਚ ਡਿੱਗਣ ਕਾਰਨ ਤਬਾਹ ਹੋ ਗਈ। ਇਸ ਮਸ਼ੀਨ ਦਾ ਉਪਰੇਟਰ ਵੀ ਇਸ ਹਾਦਸੇ ਵਿੱਚ ਮਾਰਿਆ ਗਿਆ ਹੈ।

ਆਪਣੇ ਅਗਲੇ ਯਤਨਾਂ ਵਜੋਂ ਬਚਾਅ ਅਧਿਕਾਰੀਆਂ ਵੱਲੋਂ ਪੰਜ ਪਾਸਿਆਂ ਤੋਂ ਮਜ਼ਦੂਰਾਂ ਤੱਕ ਪਹੁੰਚਣ ਦੇ ਯਤਨ ਆਰੰਭੇ ਗਏ ਹਨ। ਇੱਕ ਪਾਸੇ ਤਾਂ ਸਿਕਲਿਆਰਾ ਵਾਲੇ ਪਾਸਿਉਂ ਅੱਧ-ਪਚੱਧੀ ਅੰਦਰ ਗਈ ਇੱਕ ਮੀਟਰ ਘੇਰੇ ਵਾਲੀ ਪਾਈਪ ਨੂੰ ਇੱਕ ਵਾਰ ਫਿਰ ਅੰਦਰ ਧੱਕਣ ਦਾ ਯਤਨ ਕੀਤਾ ਜਾਵੇਗਾ। ਦੂਜੇ ਪਾਸੇ ਬਾਰਕੋਟ ਵਾਲੇ ਪਾਸੇ ਤੋਂ 500 ਮੀਟਰ ਪੈਂਡੇ ਵਿੱਚ ਦੀ ਛੋਟੇ ਘੇਰੇ ਵਾਲੀ ਸੁਰੰਗ ਬਣਾਉਣ ਦੇ ਯਤਨ ਆਰੰਭੇ ਗਏ ਹਨ। ਇਸ ਤੋਂ ਇਲਾਵਾ ਸੁਰੰਗ ਦੇ ਦੋਹਾਂ ਪਾਸਿਆਂ ਅਤੇ ਛੱਤ ਵਾਲੇ ਪਾਸੇ ਤੋਂ ਪਾਹਾੜੀ ਵਿੰਨ੍ਹ ਕੇ ਅੰਦਰ ਜਾਣ ਦੇ ਯਤਨ ਕੀਤੇ ਜਾ ਰਹੇ ਹਨ। ਰਾਹਤ ਭੇਜਣ ਵਾਲੀ ਛੇ ਇੰਚ ਚੌੜੀ ਪਾਈਪ ਪਾਉਣ ਤੋਂ ਪਿੱਛੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਮੀਡੀਆ ਨਾਲ ਗੱਲ ਕਰਦਿਆਂ ਉਪਰੇਸ਼ਨ ਦੀ ਅਗਵਾਈ ਕਰ ਰਹੇ ਕਰਨਲ ਦੀਪਕ ਪਾਟਿਲ ਨੇ ਕਿਹਾ ਕਿ ਮਜ਼ਦੂਰਾਂ ਨੂੰ ਸਹੀ ਸਲਾਮਤ ਬਾਹਰ ਕੱਢਣ ਦਾ ਅਗਲਾ ਕਾਰਜ ਵਧੇਰੇ ਅਹਿਮ ਹੈ।



ਇਸ ਹਾਦਸੇ ਦੇ ਸਬੰਧ ਵਿੱਚ ਗੱਲ ਕਰਦਿਆਂ ਕੁਝ ਮਾਹਿਰਾਂ ਦਾ ਆਖਣਾ ਹੈ ਕਿ ਜਿਸ ਪਹਾੜੀ ਖੇਤਰ ਵਿੱਚ ਇਹ ਸੁਰੰਗ ਬਣਾਈ ਜਾ ਰਹੀ ਹੈ, ਉਹ ਭੁਚਾਲ ਦੀ ਸੰਭਾਵਨਾ ਵਾਲਾ ਇਲਾਕਾ ਹੈ। ਇੱਥੇ ਪਹਾੜਾਂ ਦੇ ਪੱਥਰਾਂ ਵਿੱਚ ਮਿੱਟੀ ਦੀ ਮਿਲਾਵਟ ਹੈ। ਇਹ ਭੁਰਪੁਰੇ ਪਹਾੜ ਹਨ। ਅਜਿਹੇ ਖੇਤਰ ਵਿੱਚ ਏਨੀ ਵੱਡੀ ਸੁਰੰਗ ਬਣਾਏ ਜਾਣ ਤੋਂ ਪਹਿਲਾਂ ਜੀਓਲੋਜੀਕਲ ਸਰਵੇ ਕਰਵਾਉਣਾ ਅੱਤਿ ਅਹਿਮ ਹੁੰਦਾ ਹੈ। ਇਸ ਖੇਤਰ ਵਿੱਚ ਭੁਚਾਲ ਦਾ ਕਾਰਨ ਬਣਨ ਵਾਲੀਆਂ ਧਰਤੀ ਅੰਦਰਲੀਆਂ ਪਲੇਟਾਂ ਆਪਸ ਵਿੱਚ ਟਕਰਾਉਂਦੀਆਂ ਹਨ। ਇਸ ਕਰਕੇ ਭੁਚਲਾ-ਮੁਖ ਇਲਾਕਾ ਹੈ। ਇਨ੍ਹਾਂ ਪਲੇਟਾਂ ਦੇ ਟਕਰਾ ਵਿੱਚੋਂ ਹੀ ਇਹ ਪਹਾੜ ਬਣੇ ਹਨ।

ਇੱਕ ਹੋਰ ਮਾਹਿਰ ਅਨੁਸਾਰ ਧਰਤੀ ਹੇਠ ਸੁਰੰਗਾਂ ਦੋ ਤਰ੍ਹਾਂ ਨਾਲ ਬਣਾਈਆਂ ਜਾਂਦੀਆਂ ਹਨ- ਇੱਕ ਟਨਲ ਬੋਰਿੰਗ ਮਸ਼ੀਨ (ਟੀ. ਬੀ. ਐਮ.) ਰਾਹੀਂ ਅਤੇ ਦੂਜਾ ਤਰੀਕਾ ਹੈ ਡਰਿੱਲ ਐਂਡ ਬਲਾਸਟਿੰਗ (ਡੀ. ਬੀ. ਐਮ.) ਵਾਲਾ ਤਰੀਕਾ। ਇਹ ਟਨਲ ਦੂਜੇ ਤਰੀਕੇ ਨਾਲ ਬਣਾਈ ਜਾ ਰਹੀ ਸੀ, ਜਦਕਿ ਇਸ ਨੂੰ ਟਨਲ ਬੋਰਿੰਗ ਮਸ਼ੀਨ ਨਾਲ ਬਣਾਇਆ ਜਾਣਾ ਚਾਹੀਦਾ ਸੀ, ਕਿਉਂਕਿ ਪਹਾੜ ਬਹੁਤੇ ਸਖਤ ਨਹੀਂ ਹਨ। ਡਰਿਲ ਐਂਡ ਬਲਾਸਟ ਮੈਥਡ ਨਾਲ ਜਦੋਂ ਪਹਾੜੀ ਤੋੜਨ ਲਈ ਧਮਾਕਾ ਕੀਤਾ ਜਾਂਦਾ ਹੈ ਤਾਂ ਇਸ ਵਿੱਚ ਮਿੱਥੇ ਨਾਲੋਂ ਵੱਧ ਖੇਤਰ ਪ੍ਰਭਾਵਤ ਹੋ ਜਾਂਦਾ ਹੈ। ਭਾਵ ਕਿਸੇ ਧਮਾਕੇ ਨਾਲ ਛੱਤ ਕਮਜ਼ੋਰ ਹੋ ਸਕਦੀ ਹੈ। ਸੁਰੰਗ ਬਣਾਉਂਦਿਆਂ ਇਸ ਦੇ ਅੰਦਰਲੇ ਫਰਸ਼, ਆਸੇ-ਪਾਸੇ ਅਤੇ ਛੱਤ ਦੀ ਲਾਈਨਿੰਗ ਵੀ ਨਾਲ-ਨਾਲ ਪੱਕੀ ਕੀਤੀ ਜਾਂਦੀ ਹੈ। ਇਸ ਨਾਲ ਸੁਰੰਗ ਨੂੰ ਸਥਿਰ ਕੀਤਾ ਜਾਂਦਾ ਹੈ। ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਜਦੋਂ ਵੱਡੀਆਂ ਸੁਰੰਗਾਂ ਖੋਦੀਆਂ ਜਾਂਦੀਆਂ ਹਨ ਤਾਂ ਅੰਦਰ ਕੰਮ ਕਰ ਰਹੇ ਮਜ਼ਦੂਰਾਂ ਦੀ ਸੁਰੱਖਿਆ ਲਈ ਮੁੱਖ ਸੁਰੰਗ ਦੇ ਆਸੇ-ਪਾਸੇ ਨਿਕਾਸੀ ਸੁਰੰਗਾਂ (ਐਸਕੇਪ ਟਨਲਜ਼) ਬਣਾਈਆਂ ਜਾਂਦੀਆਂ ਹਨ। ਜਦਕਿ ਸੁਰੰਗ ਬਣਾ ਰਹੀ ਕੰਪਨੀ ਵੱਲੋਂ ਅਜਿਹਾ ਕੁਝ ਵੀ ਨਹੀਂ ਕੀਤਾ ਗਿਆ। ਇਸ ਤਰ੍ਹਾਂ ਬਣਾਈ ਜਾ ਰਹੀ ਸੁਰੰਗ ਵਿੱਚ ਛੱਤ ਵੱਲੋਂ ਮਲਬੇ ਦਾ ਗਿਰਨਾ ਦਰਸਾਉਂਦਾ ਹੈ ਕਿ ਕੰਪਨੀ ਵੱਲੋਂ ਸੁਰੰਗ ਅੰਦਰਲੀ ਲਾਈਨਿੰਗ ਵੀ ਚੱਜ ਨਾਲ ਨਹੀਂ ਕੀਤੀ ਗਈ। ਲੇਬਰ ਦੀ ਸੁਰੱਖਿਆ ਲਈ ਬਣਦੇ ਕਦਮ ਨਹੀਂ ਚੁੱਕੇ ਗਏ। ਹਾਦਸਾ ਕਿਸੇ ਵੀ ਕਾਰਜ ਵਿੱਚ ਵਾਪਰ ਸਕਦਾ ਹੈ, ਪਰ ਕਿਸੇ ਉਸਾਰੀ ਕਾਰਜ ਲਈ ਸੁਝਾਏ ਅਤੇ ਬਣਦੇ ਸੁਰੱਖਿਆ ਉਪਾਅ ਵੀ ਨਾ ਕਰਨਾ ਇੱਕ ਵੱਡੀ ਮਨੁੱਖੀ ਅਣਗਹਿਲੀ ਹੈ। ਇਹ ਕੁਦਰਤੀ ਵਾਪਰਿਆ ਹਾਦਸਾ ਨਹੀਂ, ਸਗੋਂ ਸੁਰੰਗ ਬਣਾ ਰਹੀ ਕੰਪਨੀ ਵੱਲੋਂ ਕੀਤੀ ਗਈ ਮਨੁੱਖੀ ਗਲਤੀ ਦਾ ਸਿੱਟਾ ਹੈ। ਸੁਰੰਗ ਬਣਾਉਣ ਦੇ ਕਾਰਜ ਨੂੰ ਸਿਰਫ ਮਜ਼ਦੂਰਾਂ ਅਤੇ ਠੇਕੇਦਾਰਾਂ 'ਤੇ ਨਹੀਂ ਛੱਡਿਆ ਜਾ ਸਕਦਾ। ਇਸ ਦੀ ਦੇਖ-ਰੇਖ ਸੀਨੀਅਰ ਜੀਓਲੋਜੀਕਲ ਮਾਹਿਰ ਨੇ ਕਰਨੀ ਹੁੰਦੀ ਹੈ। ਇਹ ਸ਼ਰਤ ਵੀ ਪੂਰੀ ਨਹੀਂ ਕੀਤੀ ਗਈ। ਹੁਣ ਹਾਲਤ ਇਹ ਹੈ ਕਿ ਜੇ ਮਜ਼ਦੂਰ ਸਹੀ ਸਲਾਮਤ ਬਚਾਅ ਵੀ ਲਏ ਜਾਂਦੇ ਹਨ ਤਾਂ ਵੀ ਇਹ ਯਕੀਨੀ ਨਹੀਂ ਕਿ ਇਹ ਸੁਰੰਗ ਚਾਲੂ ਹੋਵੇਗੀ, ਕਿਉਂਕਿ ਜਿਸ ਹਿੱਸੇ ਵਿੱਚ ਮਲਬਾ ਡਿੱਗਿਆ ਹੈ, ਉਹ ਪੰਜਾਹ ਮੀਟਰ ਤੋਂ ਉੱਪਰ ਹੈ। ਇੱਥੋਂ ਮਲਬਾ ਹਟਾਉਣ 'ਤੇ ਹੋਰ ਮਲਬਾ ਗਿਰ ਸਕਦਾ ਹੈ। ਹੋ ਸਕਦਾ ਕਿ ਸਾਰੀ ਸੁਰੰਗ ਕਿਸੇ ਹੋਰ ਪਾਸੇ ਦੀ ਨਵੇਂ ਸਿਰੇ ਤੋਂ ਬਣਾਉਣੀ ਪਵੇ।

# ਗੁਰਦੁਆਰਾ ਕਰਤਾਰਪੁਰ ਸਾਹਿਬ ਕੰਪਲੈਕਸ 'ਚ ਸ਼ਰਾਬ/ਨਾਚ ਪਾਰਟੀ ਦਾ ਮਾਮਲਾ ਉਭਰਿਆ

ਦਾ ਵੀ ਵਿਰੋਧ ਕੀਤਾ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਇਸ ਮਾਮਲੇ ਨਾਲ ਸਬੰਧਤ ਮੁਲਜ਼ਮਾਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤਾ ਜਾਵੇ। ਉਧਰ ਪਾਕਿਸਤਾਨੀ ਅਧਿਕਾਰੀਆਂ ਦਾ ਆਖਣਾ ਹੈ ਕਿ ਪਾਰਟੀ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਕੀਤੀ ਗਈ, ਇਸ ਲਈ ਬੇਅਦਬੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਇਸੇ ਦੌਰਾਨ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਏ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਕਰਤਾਰਪੁਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਗੋਬਿੰਦ ਸਿੰਘ ਨਾਲ ਸਾਂਝੀ ਲਾਈਵ ਵੀਡੀਓ ਸਾਹਮਣੇ ਆਈ ਹੈ, ਜਿਸ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਕੋਈ ਪਾਰਟੀ ਨਹੀਂ ਹੋਈ। ਜਿਸ ਪਾਰਟੀ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਗੁਰਦੁਆਰਾ ਸਾਹਿਬ ਤੋਂ ਤਕਰੀਬਨ ਦੋ ਕਿਲੋਮੀਟਰ ਦੀ ਦੂਰੀ 'ਤੇ ਆਯੋਜਤ ਕੀਤੀ ਗਈ। ਸ. ਸੰਧਵਾਂ ਨੇ ਵੀ ਭਾਈ ਗੋਬਿੰਦ ਸਿੰਘ ਦਾ ਪੱਖ ਪੂਰਦਿਆਂ ਕਿਹਾ ਕਿ ਸਿੰਘ ਸਾਹਿਬ ਵਲੋਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਾਜ਼ਰੀ ਵਿੱਚ ਜੋ ਕੁਝ ਕਿਹਾ ਜਾ ਰਿਹਾ ਹੈ, ਉਹ ਬਿਲਕੁਲ ਠੀਕ ਹੈ, ਇਸ ਲਈ ਇਸ ਮਸਲੇ ਨੂੰ ਹੁਣ ਖਤਮ ਹੋਇਆ ਸਮਝ ਲੈਣਾ ਚਾਹੀਦਾ ਹੈ।

ਯਾਦ ਰਹੇ, ਸ. ਸੰਧਵਾਂ, ਡਿਪਟੀ ਸਪੀਕਰ ਜੈਸ਼ੰਕਰ ਰੋੜੀ ਅਤੇ ਦੋ ਕੈਬਨਿਟ ਮੰਤਰੀਆਂ ਸਮੇਤ 500 ਸਿੰਘਾਂ ਦਾ ਜੱਥਾ ਬੀਤੇ ਸੋਮਵਾਰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਿਆ ਸੀ। ਉਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਜਾ ਕੇ ਸਾਰੀ ਸਥਿਤੀ ਸਾਫ ਕਰਨ ਲਈ ਸਿੰਘ ਸਾਹਿਬ ਭਾਈ ਗੋਬਿੰਦ ਸਿੰਘ ਨਾਲ ਉਪਰੋਕਤ ਲਾਈਵ ਵੀਡੀਓ ਜਾਰੀ ਕੀਤੀ ਗਈ। ਇਸ ਦੌਰਾਨ ਭਾਈ ਗੋਬਿੰਦ ਸਿੰਘ ਨੇ ਇਹ ਵੀ ਕਿਹਾ ਕਿ ਗੁਰਦੁਆਰਾ ਸਾਹਿਬ ਖਿਲਾਫ ਨਾਂਹਮੁਖੀ ਪ੍ਰਚਾਰ ਦੇ ਮਕਸਦ ਨਾਲ ਉਪਰੋਕਤ ਵੀਡੀਓ ਵਾਇਰਲ ਕੀਤੀ ਗਈ ਹੈ। ਸ. ਸੰਧਵਾਂ ਅਤੇ ਭਾਈ ਗੋਬਿੰਦ ਸਿੰਘ ਨੇ ਕਿਹਾ ਕਿ ਨਵੇਂ ਨਵੇਂ ਵਿਵਾਦ ਪੈਦਾ ਕਰਨ ਨਾਲੋਂ ਦੋਹਾਂ ਪੰਜਾਬਾਂ ਦੀ ਸਾਂਝ ਬਣਨ ਅਤੇ ਵਧਣ ਫੁੱਲਣ ਵੱਲ ਤਵੱਕੋ ਦਿੱਤੀ ਜਾਣੀ ਚਾਹੀਦੀ ਹੈ।



## ਚੋਣ-ਚਰਚਾ

# ਕਾਂਗਰਸ ਪਾਰਟੀ ਦੇ ਪੁਨਰ-ਉਥਾਨ ਲਈ ਪੰਜ ਰਾਜਾਂ ਦੀਆਂ ਚੋਣਾਂ ਫੈਸਲਾਕੁੰਨ ਹੋਣਗੀਆਂ

**ਰਾਹੁਲ ਵਰਮਾ**

ਛਤੀਸਗੜ੍ਹ ਅਤੇ ਮੀਜ਼ੋਰਮ ਦੀਆਂ ਵਿਧਾਨ ਸਭਾ ਸੀਟਾਂ 'ਤੇ ਮਤਦਾਨ ਦੇ ਨਾਲ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਆਰੰਭ ਹੋ ਗਈਆਂ ਹਨ। ਇਹ ਵਿਧਾਨ ਸਭਾ ਚੋਣਾਂ ਕਿਉਂਕਿ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਹੋ ਰਹੀਆਂ ਹਨ ਤਾਂ ਇਨ੍ਹਾਂ ਨੂੰ ਆਮ ਚੋਣਾਂ ਦਾ ਇੱਕ ਟਰੇਲਰ ਸਮਝਣਾ ਵੀ ਸੁਭਾਵਕ ਹੈ। ਹਾਲਾਂ ਕਿ ਅਤੀਤ ਦੇ ਰੁਝਾਨ ਤਾਂ ਇਹੋ ਦਰਸਾਉਂਦੇ ਹਨ ਕਿ ਲੋਕ ਸਭਾ ਤੋਂ ਠੀਕ ਪਹਿਲਾਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ, ਪਾਰਲੀਮਾਨੀ ਦੀ ਚੋਣਾਂ ਬਾਰੇ ਕੋਈ ਸਪਸ਼ਟ ਸੰਕੇਤ ਨਹੀਂ ਦਿੰਦੀਆਂ। ਇਸ ਦੇ ਬਾਵਜੂਦ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਮੀਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਦੇ ਮਹੱਤਵ ਨੂੰ ਘੱਟ ਕਰਕੇ ਨਹੀਂ ਵੇਖਿਆ ਜਾ ਸਕਦਾ। ਕਾਂਗਰਸ ਲਈ ਇਹ 'ਕਰੋ ਜਾਂ ਮਰੋ' ਵਾਲੀ ਸਥਿਤੀ ਹੈ ਅਤੇ ਲੋਕ ਸਭਾ ਚੋਣਾਂ ਦੀ ਤਿਆਰੀ ਦੇ ਨਜ਼ਰੀਏ ਨਾਲ ਅੰਤਿਮ ਮੌਕਾ ਵੀ ਹੈ। ਇੱਕ ਸਮਾਂ ਸੀ ਜਦੋਂ ਕਈ ਦਹਾਕਿਆਂ ਤੱਕ ਕਾਂਗਰਸ ਦੀ ਦੇਸ਼ ਭਰ ਵਿੱਚ ਤੂਤੀ ਬੋਲਦੀ ਸੀ। ਇਸ ਦਾ ਕਾਰਨ ਸੀ, ਆਜ਼ਾਦੀ ਸੰਗਰਾਮ ਵਿੱਚ ਕਾਂਗਰਸ ਦੀ ਨਿਭਾਈ ਗਈ ਅਹਿਮ ਭੂਮਿਕਾ।

ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਮੌਤ ਹੋਈ ਤਾਂ ਦੇਸ਼ ਵਾਸੀਆਂ ਦੀ ਜ਼ੁਬਾਨ 'ਤੇ ਇਕੋ ਸਵਾਲ ਸੀ, "ਨਹਿਰੂ ਤੋਂ ਬਾਅਦ ਕੌਣ?" ਹੌਲੀ-ਹੌਲੀ ਕਾਂਗਰਸ ਪਰਿਵਾਰਵਾਦ ਦਾ ਸ਼ਿਕਾਰ ਹੋ ਗਈ। ਇਸ ਨੇ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਜਮਾਤ ਨੂੰ ਵੱਡੀ ਢਾਹ ਲਾਈ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਦਾ ਕਾਫੀ ਕੁਝ ਦਾਅ 'ਤੇ ਲੱਗਿਆ ਹੋਇਆ ਹੈ, ਕਿਉਂਕਿ ਦੇਸ਼ ਦੇ ਕੁਝ ਸੂਬਿਆਂ ਦੇ ਰਾਜਨੀਤਿਕ ਮੁਹਾਂਦਰੇ ਵਿੱਚ ਹਾਸ਼ੀਏ 'ਤੇ ਪੁੱਜੀ ਇਹ ਪਾਰਟੀ ਇਨ੍ਹਾਂ ਪੰਜ ਸੂਬਿਆਂ ਵਿੱਚ ਅਸਰਦਾਰ ਭੂਮਿਕਾ ਵਿੱਚ ਦਿਸਦੀ ਹੈ।

ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਭਾਜਪਾ ਨਾਲ ਕਾਂਗਰਸ ਦਾ ਸਿੱਧਾ ਮੁਕਾਬਲਾ ਹੈ। ਇਵੇਂ ਤਿਲੰਗਾਨਾ ਵਿੱਚ ਕਾਂਗਰਸ ਆਪਣੀ ਸਿਆਸੀ ਜ਼ਮੀਨ ਵਾਪਸ ਹਾਸਲ ਕਰਕੇ ਮੁਕਾਬਲੇ ਵਿੱਚ ਪਰਤਦੀ ਦਿਸ ਰਹੀ ਹੈ। ਮੀਜ਼ੋਰਮ ਵਿੱਚ ਵੀ ਕਾਂਗਰਸ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ। ਪਾਰਟੀ ਲਈ ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਆਪਣੀ ਸੱਤਾ ਬਚਾਈ ਰੱਖਣ ਦੀ ਚੁਣੌਤੀ ਹੈ ਤਾਂ ਮੱਧ ਪ੍ਰਦੇਸ਼ ਨੂੰ ਉਹ ਵਾਪਸ ਹਾਸਲ ਕਰਨ ਦੀ ਯੋਜਨਾ ਵਿੱਚ ਲੱਗੀ ਹੋਈ ਹੈ। ਤਿਲੰਗਾਨਾ ਵਿੱਚ ਵੀ ਕਾਂਗਰਸ ਸੂਬੇ ਦੇ ਨਿਰਮਾਣ ਨੂੰ ਲੈ ਕੇ, ਭਾਵਨਾਤਮਕ ਕਾਰਡ ਖੇਡ ਕੇ ਮੁੱਖ ਮੰਤਰੀ ਕੇ.ਸੀ.ਆਰ. ਨੂੰ ਉਨ੍ਹਾਂ ਦੀ ਹੀ ਖੇਡ ਵਿੱਚ ਮਾਤ ਦੇਣਾ ਚਹੁੰਦੀ ਹੈ। ਇਸ ਤੋਂ ਇਲਾਵਾ ਮੀਜ਼ੋਰਮ ਵਿੱਚ ਐਨ.ਡੀ.ਏ. ਅੰਦਰਲੇ ਮਨ-ਮੁਟਾਵ ਦਾ ਫਾਇਦਾ ਚੁੱਕਣ ਦੇ ਚੱਕਰ ਵਿੱਚ ਹੈ।

ਚੋਣ ਸੰਭਾਵਨਾਵਾਂ ਦੀ ਗੱਲ ਕਰੀਏ ਤਾਂ ਰਾਜਸਥਾਨ ਦਾ ਗਣਿਤ ਕਈ ਦਹਾਕਿਆਂ ਤੋਂ ਬਿਲਕੁਲ ਸਿੱਧਾ ਰਿਹਾ ਹੈ। ਸੂਬੇ ਦੀ ਜਨਤਾ ਵਿਧਾਨ ਸਭਾ ਵਿੱਚ ਕਿਸੇ ਵੀ ਪਾਰਟੀ ਨੂੰ ਲਗਾਤਾਰ ਦੋ ਵਾਰ ਸੱਤਾ ਸੁਖ ਦਾ ਮੌਕਾ ਨਹੀਂ ਦਿੰਦੀ। ਮੁੱਖ ਮੰਤਰੀ ਅਸ਼ੋਕ ਗਹਿਲੋਤ ਇਸ ਰੁਝਾਨ ਨੂੰ ਨਕਾਰਨ ਦੇ ਯਤਨ ਵਿੱਚ ਲੱਗੇ ਹੋਏ ਹਨ। ਸਚਿਨ ਪਾਇਲਟ ਦੇ ਨਾਲ ਵੀ ਉਨ੍ਹਾਂ ਦੀ ਅਸਥਾਈ ਜੰਗਬੰਦੀ ਜਿਹੀ ਹੋ ਗਈ ਹੈ। ਹਾਲਾਂਕਿ ਮਾੜੇ ਮੋਟੇ ਟਕਰਾਅ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਦੇ ਬਾਵਜੂਦ ਭਾਜਪਾ ਵਿੱਚ ਅੰਦਰੂਨੀ ਖਿੱਚੋਤਾਣ ਅਤੇ ਗਹਿਲੋਤ ਦੀਆਂ ਕਲਿਆਣਕਾਰੀ ਯੋਜਨਾਵਾਂ ਦੇ ਬਲਬੂਤੇ ਕਾਂਗਰਸ ਸੱਤਾ ਵਿੱਚ ਵਾਪਸ ਪਰਤਣ ਲਈ ਜੱਦੋਜਹਿਦ ਕਰ ਰਹੀ ਹੈ।

ਰਾਜਸਥਾਨ ਵਿੱਚ ਦੋਵੇਂ ਪਾਰਟੀਆਂ ਭਾਵੇਂ ਹੀ ਵਾਰੋ-ਵਾਰੀ ਸੱਤਾ ਵਿੱਚ ਆਉਂਦੀਆਂ ਹੋਣ, ਪਰ ਦੋਵਾਂ ਦੀ ਜਿੱਤ ਵਿੱਚ ਇੱਕ ਵੱਡਾ ਫਰਕ ਸਪਸ਼ਟ ਦਿਸਦਾ ਹੈ। ਉਹ ਫਰਕ ਇਹ ਹੈ ਕਿ ਜਦੋਂ ਭਾਜਪਾ ਜਿੱਤਦੀ ਹੈ ਤਾਂ ਭਾਰੀ ਬਹੁਮਤ ਨਾਲ ਸੱਤਾ ਵਿੱਚ ਆਉਂਦੀ ਹੈ ਤੇ ਕਾਂਗਰਸ ਦੀ ਸਰਕਾਰ ਮਾਮੂਲੀ ਫਰਕ ਨਾਲ ਬਣਦੀ ਹੈ। ਇਸ ਦਾ ਮਤਲਬ ਇਹੋ ਹੈ ਕਿ ਭਾਜਪਾ ਦਾ ਸੂਬੇ ਵਿੱਚ ਵਿਆਪਕ ਆਧਾਰ ਹੈ। ਅਜਿਹੇ ਵਿੱਚ ਦੇਖਣਾ ਇਹੀ ਹੋਵੇਗਾ ਕਿ ਕੀ ਗਹਿਲੋਤ ਜਿਨ੍ਹਾਂ ਯੋਜਨਾਵਾਂ 'ਤੇ ਦਾਅ ਲਾ ਰਹੇ ਹਨ, ਉਹ ਭਾਜਪਾ ਦੇ ਆਧਾਰ ਵਿੱਚ ਇਸ ਵਾਰ ਕੋਈ ਸੰਨ੍ਹਮਾਰੀ ਕਰ ਸਕਣਗੀਆਂ ਜਾਂ ਨਹੀਂ?

ਸੰਗਠਨਾਤਮਕ ਕੌਸ਼ਲ ਅਤੇ ਸ਼ਿਵਰਾਜ ਸਿੰਘ ਚੌਹਾਨ ਦਾ ਲੋਕ ਲੁਭਾਊ ਚਿਹਰਾ ਮੱਧ ਪ੍ਰਦੇਸ਼ ਵਿੱਚ ਭਾਜਪਾ ਦੀ ਵੱਡੀ ਤਾਕਤ ਰਹੀ ਹੈ। ਇੱਥੋਂ ਤੱਕ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵੀ ਭਾਜਪਾ ਮਾਮੂਲੀ ਫਰਕ ਨਾਲ ਹੀ ਹਾਰੀ ਸੀ। ਭਾਜਪਾ ਦੀ ਇਹੋ ਤਾਕਤ ਉਸ ਦੀ ਕਮਜ਼ੋਰੀ ਦਿਸ ਰਹੀ ਹੈ। ਹਾਲਾਂਕਿ ਸੂਬੇ ਵਿੱਚ ਸ਼ਿਵਰਾਜ ਮਕਬੂਲ ਨੇਤਾ ਬਣੇ ਹੋਏ ਹਨ, ਪਰ ਇਸ ਕਾਰਜਕਾਲ ਵਿੱਚ ਉਨ੍ਹਾਂ ਦਾ ਕੱਦ ਕੁਝ ਘਟਦਾ ਹੋਇਆ ਵਿਖਾਈ ਦਿੱਤਾ ਹੈ। ਵਿਧਾਨ ਸਭਾ ਚੋਣਾਂ ਵਿੱਚ ਕਈ ਘਾਗ ਨੇਤਾਵਾਂ ਨੂੰ ਚੋਣ ਪਿੜ ਵਿੱਚ ਉਤਾਰ ਕੇ ਭਾਜਪਾ ਨੇ ਇੱਕ ਵੱਡਾ ਦਾਅ ਖੇਡਿਆ ਹੈ। ਇਸ ਨੂੰ ਕੁਝ ਵਿਸ਼ਲੇਸ਼ਕ ਹਮਲਾਵਰ ਅਤੇ ਕੁਝ ਰੱਖਿਆਤਮਕ ਦੱਸ ਰਹੇ ਹਨ। ਜੋ ਵੀ ਹੋਵੇ, ਉਸ ਨਾਲ ਬਤੌਰ ਮੁੱਖ ਮੰਤਰੀ ਸ਼ਿਵਰਾਜ ਦੀ ਸ਼ਾਖ ਜ਼ਰੂਰ ਪ੍ਰਭਾਵਤ ਹੋਈ ਹੈ, ਕਿਉਂਕਿ ਇਸ ਵਾਰ ਭਾਜਪਾ ਦੇ ਹੋਰ ਨੇਤਾ ਵੀ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰਾਂ ਵਿੱਚ ਗਿਣੇ ਜਾ ਰਹੇ ਹਨ। ਇੱਥੇ ਕਾਂਗਰਸ ਲਈ ਮੌਕਾ ਭਾਜਪਾ ਦੀ ਕਮਜ਼ੋਰੀ ਅਤੇ ਕੁਝ ਵੱਡੇ ਐਲਾਨਾਂ ਦੇ ਆਧਾਰ 'ਤੇ ਬਣ ਸਕਦਾ ਹੈ।




**ਮੀਜ਼ੋਰਮ ਵਿੱਚ ਟੱਕਰ ਭਾਵੇਂ ਸਿੱਧੀ ਹੀ ਦਿਸਦੀ ਹੋਵੇ, ਪਰ ਇੱਥੇ 6 ਪਾਰਟੀਆਂ ਦੇ ਗੱਠਜੋੜ 'ਜ਼ੋਰਮ ਪੀਪਲਜ਼ ਮੂਵਮੈਂਟ' ਵਰਗੀ ਤੀਜੀ ਤਾਕਤ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਇੱਥੋਂ ਦੀਆਂ ਚੋਣਾਂ 'ਤੇ ਮਨੀਪੁਰ ਦੇ ਘਟਨਾ ਚੱਕਰ ਦੀ ਛਾਪ ਵੀ ਵਿਖਾਈ ਦਿੱਤੀ ਹੈ। ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨਾਲ ਦੋ ਮੁਹਾਂਦਰੇ ਉਭਰ ਸਕਦੇ ਹਨ।**

ਛੱਤੀਸਗੜ੍ਹ ਵਿੱਚ ਕਾਂਗਰਸ ਕੁਝ ਚੜ੍ਹਤ ਵਾਲੀ ਸਥਿਤੀ ਵਿੱਚ ਦਿਸ ਰਹੀ ਹੈ। ਇਸ ਦਾ ਕਾਰਨ ਇਹ ਕਿ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਪੂਰੇ ਕਾਰਜਕਾਲ ਵਿੱਚ ਵਿਰੋਧੀ ਭਾਜਪਾ ਨੂੰ ਸਿਰ ਚੁੱਕਣ ਦਾ ਮੌਕਾ ਨਹੀਂ ਦਿੱਤਾ। ਪਿਛਲੀਆਂ ਚੋਣਾਂ ਵਿੱਚ ਇੱਥੇ ਕਾਂਗਰਸ ਨੂੰ ਪ੍ਰਚੰਡ ਬਹੁਮਤ ਮਿਲਿਆ ਸੀ। ਅਜਿਹੇ ਵਿੱਚ ਜੇ ਭਾਜਪਾ ਨੇ ਜਿੱਤ ਹਾਸਲ ਕਰਨੀ ਹੈ ਤਾਂ ਉਸ ਨੂੰ ਪੂਰਾ ਜ਼ੋਰ ਲਾਉਣਾ ਪਵੇਗਾ। ਦੇਖਣਾ ਹੋਵੇਗਾ ਕਿ ਭਾਜਪਾ ਦੇ ਵੱਡੇ-ਵੱਡੇ ਐਲਾਨ ਅਤੇ ਮਹਾਂਦੇਵ ਐਪ ਦੇ ਮਾਧਿਅਮ ਨਾਲ ਬਘੇਲ ਦੀ ਘੇਰਾਬੰਦੀ ਵਿੱਚ ਕਿੰਨਾ ਕੁ ਕਾਮਯਾਬ ਹੁੰਦੀ ਹੈ! ਤਿਲੰਗਾਨਾ ਵਿੱਚ ਭਾਜਪਾ ਇੱਕ ਉਭਰਦੀ ਤਾਕਤ ਦਿਸ ਰਹੀ ਸੀ, ਪਰ ਹੈਦਰਾਬਾਦ ਨਗਰ ਨਿਗਮ ਦੀਆਂ ਚੋਣਾਂ ਮਗਰੋਂ ਪਾਰਟੀ ਵਿੱਚ ਅੰਦਰੂਨੇ ਕਲੇਸ਼ ਨੇ ਉਸ ਦੀਆਂ ਸੰਭਾਵਨਾਵਾਂ 'ਤੇ ਕੁਝ ਗ੍ਰਹਿਣ ਲਗਾ ਦਿੱਤਾ ਹੈ। ਇਸ ਦੌਰਾਨ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਅਤੇ ਕਰਨਾਟਕ ਵਿੱਚ ਕਾਂਗਰਸ ਦੇ ਜਿੱਤਣ ਨਾਲ ਵੀ ਇੱਥੇ ਪਾਰਟੀ ਨੂੰ ਨਵੀਂ ਤਾਕਤ ਮਿਲੀ ਹੈ ਤੇ ਉਹ ਚੋਣ ਟੱਕਰ ਵਿੱਚ ਵਾਪਸ ਪਰਤੀ ਹੈ। ਅਜਿਹਾ ਦਿਸ ਰਿਹਾ ਹੈ ਕਿ ਦੱਖਣ ਵਿੱਚ ਕਾਂਗਰਸ ਇੱਕ ਅਲੱਗ ਪਾਰਟੀ ਦੇ ਰੂਪ ਵਿੱਚ ਕੰਮ ਕਰਦੀ ਹੈ। ਦੇਖਣਾ ਇਹੀ ਹੋਵੇਗਾ ਕਿ ਉਹ ਕੇ.ਸੀ.ਆਰ. ਦੀ ਰਾਜ 'ਤੇ ਪਕੜ ਢਿੱਲ੍ਹੀ ਕਰ ਸਕਣ ਵਿੱਚ ਕਾਮਯਾਬ ਹੋ ਪਾਉਂਦੀ ਹੈ ਜਾਂ ਨਹੀਂ?

ਮੀਜ਼ੋਰਮ ਵਿੱਚ ਟੱਕਰ ਭਾਵੇਂ ਸਿੱਧੀ ਹੀ ਦਿਸਦੀ ਹੋਵੇ, ਪਰ ਇੱਥੇ 6 ਪਾਰਟੀਆਂ ਦੇ ਗੱਠਜੋੜ 'ਜ਼ੋਰਮ ਪੀਪਲਜ਼ ਮੂਵਮੈਂਟ' ਵਰਗੀ ਤੀਜੀ ਤਾਕਤ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਇੱਥੋਂ ਦੀਆਂ ਚੋਣਾਂ 'ਤੇ ਮਨੀਪੁਰ ਦੇ ਘਟਨਾ ਚੱਕਰ ਦੀ ਛਾਪ ਵੀ ਵਿਖਾਈ ਦਿੱਤੀ ਹੈ। ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨਾਲ ਦੋ ਮੁਹਾਂਦਰੇ ਉਭਰ ਸਕਦੇ ਹਨ। ਜੇ ਕਾਂਗਰਸ ਬਿਹਤਰ ਕਰਦੀ ਹੈ ਤਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਦਾ ਹੌਸਲਾ ਵਧੇਗਾ। ਸੰਭਵ ਹੈ ਕਿ ਆਪਣੇ ਪੱਖ ਵਿੱਚ ਮਾਹੌਲ ਬਣਾਉਣ ਅਤੇ ਉਸ ਦਾ ਫਾਇਦਾ ਚੁੱਕਣ ਲਈ ਪਾਰਟੀ ਵੱਲੋਂ ਭਾਰਤ ਜੋੜੋ ਯਾਤਰਾ ਦਾ ਦੂਜਾ ਦੌਰ ਸ਼ੁਰੂ ਹੋਵੇਗਾ। ਇਸ ਸਥਿਤੀ ਵਿੱਚ ਜੇ ਕਾਂਗਰਸ ਹਮਲਾਵਰ ਹੁੰਦੀ ਹੈ ਤਾਂ ਭਾਜਪਾ ਵਿਰੋਧੀ ਮੋਰਚੇ 'ਇੰਡੀਆ' ਲਈ ਮੁਸ਼ਕਿਲਾਂ ਖੜੀਆਂ ਹੋਣਗੀਆਂ। ਅਖਲੇਸ਼ ਯਾਦਵ ਅਤੇ ਨਿਤਿਸ਼ ਕੁਮਾਰ ਨਾਲ 'ਇੰਡੀਆ' ਮੋਰਚੇ ਅੰਦਰ ਪਹਿਲਾਂ ਹੀ ਖਿੱਚੋਤਾਣ ਸ਼ੁਰੂ ਹੋ ਚੁੱਕੀ ਹੈ। ਉਕਤ ਮੋਰਚੇ ਦੇ ਹੋਰ ਭਾਈਵਾਲਾਂ ਨਾਲ ਵੀ ਕਾਂਗਰਸ ਦੀ ਬਹੁਤੀ ਨਹੀਂ ਬਣਦੀ। ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਤਾਂ ਕਾਂਗਰਸ 'ਤੇ ਤਨਜ਼ ਕਸਦਿਆਂ ਕਿਹਾ ਹੈ ਕਿ ਉਸ ਨੂੰ 'ਇੰਡੀਆ' ਗੱਠਜੋੜ ਦੀ ਮਜ਼ਬੂਤੀ ਦਾ ਕੋਈ ਫਿਕਰ ਨਹੀਂ ਹੈ। ਉਹ ਤਾਂ ਵਿਧਾਨ ਸਭਾ ਚੋਣਾਂ ਲੜਨ ਵਿੱਚ ਮਸ਼ਰੂਫ ਹੈ।

ਦੂਜੇ ਪਾਸੇ ਜੇ ਜਿੱਤ ਦੇ ਬਾਵਜੂਦ ਕਾਂਗਰਸ ਨਰਮ ਰਹਿੰਦੇ ਹੋਏ ਸਹਿਯੋਗੀ ਪਾਰਟੀਆਂ ਨਾਲ ਕੁੱਝ ਸਿਆਸੀ ਤਾਲਮੇਲ ਕਰਦੀ ਹੈ ਤਾਂ ਸੰਭਵ ਹੈ ਕਿ ਵਿਰੋਧੀ ਏਕਤਾ ਦੀ ਗੱਡੀ ਕੁਝ ਅੱਗੇ ਤੁਰੇਗੀ। ਹਾਲਾਂਕਿ ਕਾਂਗਰਸ ਦੀ ਇਨ੍ਹਾਂ ਸੂਬਿਆਂ ਵਿੱਚ ਸੰਭਾਵੀ ਜਿੱਤ ਦੇ ਬਾਵਜੂਦ ਲੋਕ ਸਭਾ ਚੋਣਾਂ ਦੇ ਲਿਹਾਜ਼ ਨਾਲ ਭਾਜਪਾ ਨੂੰ ਪੂਰੀ ਤਰ੍ਹਾਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਕਿਉਂਕਿ 2018 ਵਿੱਚ ਤਿੰਨ ਸੂਬਿਆਂ ਵਿੱਚ ਚੋਣਾਂ ਹਾਰਨ ਤੋਂ ਬਾਅਦ ਭਾਜਪਾ ਨੇ ਕਿਸਾਨ ਸਨਮਾਨ ਨਿਧੀ ਤੋਂ ਲੈ ਕੇ ਈ.ਡਬਲਿਊ.ਐਸ. ਰਾਖਵਾਂਕਰਨ 'ਤੇ ਸਰਗਰਮੀ ਦਿਖਾਉਣ ਵਰਗੇ ਅਜਿਹੇ ਕਦਮ ਚੁੱਕੇ, ਜਿਨ੍ਹਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਉਸ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਈ। ਜੇ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਹਾਰਦੀ ਹੈ ਤਾਂ ਲੋਕ ਸਭਾਂ ਚੋਣਾਂ ਲਈ ਉਸ ਦਾ ਰਾਹ ਹੋਰ ਮੁਸ਼ਕਿਲ ਹੋ ਜਾਵੇਗਾ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

## ਦਰਦ ਪੰਜਾਬ ਦਾ

ਤਰਲੋਚਨ ਸਿੰਘ ਭੱਟੀ
ਪੀ. ਸੀ. ਐਸ. (ਸੇਵਾ ਮੁਕਤ)
ਫੋਨ: +91-9876502607



# ਪੰਜਾਬ ਪੁਲਿਸ ! ਹਾਜ਼ਰ ਹੈ ਜਨਾਬ

ਗਲੀਆਂ-ਬਾਜ਼ਾਰਾਂ ਵਿੱਚ ਗਸ਼ਤ ਲਾਉਂਦੀ, ਸੜਕੀ ਨਾਕਿਆਂ 'ਤੇ ਚੈਕਿੰਗ ਕਰਦੀ ਅਤੇ ਅਪਰਾਧੀਆਂ ਨੂੰ ਫੜਨ ਲਈ ਰੇਡ ਕਰਦੀ ਪੰਜਾਬ ਪੁਲਿਸ ਆਪਣੀ ਹਾਜ਼ਰੀ ਲਵਾਉਂਦੀ ਰਹਿੰਦੀ ਹੈ। ਅਜੋਕੇ ਡਿਜ਼ੀਟਲ ਦੌਰ ਵਿੱਚ ਪੰਜਾਬ ਪੁਲਿਸ ਨੇ ਸ਼ੋਸ਼ਲ ਮੀਡੀਆ ਉਤੇ ਵੀ ਆਪਣੀ ਦਸਤਕ ਦਿੱਤੀ ਹੈ। ਆਪਣੇ ਵੈਬ ਪੋਰਟਲ ਰਾਹੀਂ ਪੰਜਾਬ ਪੁਲਿਸ ਨੇ ਆਪਣੇ ਬਾਰੇ, ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਸਮੁੱਚੇ ਪੁਲਿਸ ਪ੍ਰਸ਼ਾਸਨ ਬਾਰੇ ਜਾਣਕਾਰੀ ਉਪਲੱਬਧ ਕੀਤੀ ਹੈ। ਐਸਾ ਹੀ ਪੋਰਟਲ ਖੇਤਰੀ ਅਧਿਕਾਰੀਆਂ ਵਲੋਂ ਪੁਲਿਸ ਜ਼ਿਲ੍ਹਿਆਂ, ਪੁਲਿਸ ਕਮਿਸ਼ਨਰੇਟਾਂ ਅਤੇ ਪੰਜਾਬ ਪੁਲਿਸ ਦੇ ਹੋਰ ਵਿਸ਼ੇਸ਼ ਯੂਨਿਟਾਂ ਵੱਲੋਂ ਲੋਕਾਂ ਦੀ ਜਾਣਕਾਰੀ ਹਿੱਤ ਉਪਲਬੱਧ ਹੈ। ਇਸ ਪੋਰਟਲ ਦਾ ਪੇਸ਼ੇਵਰ ਮੁਹਾਂਦਰਾ ਬਣਾਉਣ ਲਈ ਵਿਸ਼ੇਸ਼ ਪੇਸ਼ੇਵਰ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਵੈਬ ਪੋਰਟਲ ਤੋਂ ਇਲਾਵਾ ਸ਼ੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮਾਂ- ਫੇਸਬੁੱਕ, ਯੂਟਿਊਬ, ਇੰਸਟਾਗ੍ਰਾਮ, ਸ਼ੇਅਰ ਚੈਟ, ਟਿੱਕ ਟੌਕ, ਐਕਸ (ਟਵੀਟਰ), ਵ੍ਹੱਟਸਐਪ ਆਦਿ ਉਤੇ ਵੀ ਪੰਜਾਬ ਪੁਲਿਸ ਸਰਗਰਮ ਹੈ। ਸ਼ੋਸ਼ਲ ਮੀਡੀਆ ਉਤੇ ਪੁਲਿਸ ਦੀ ਹਾਜ਼ਰੀ ਤੋਂ ਲਗਦਾ ਹੈ ਕਿ ਉਹ ਆਪਣੀ ਗੱਲ ਕਹਿਣ ਅਤੇ ਆਪਣੀਆਂ ਉਪਲਬਧੀਆਂ ਨੂੰ ਜੱਗ ਜਾਹਰ ਕਰਨ ਲਈ ਸ਼ੋਸ਼ਲ ਮੀਡੀਆ ਨੂੰ ਇਸ ਪ੍ਰਚਾਰ ਮਾਧਿਅਮ ਵਜੋਂ ਵਰਤ ਰਹੀ ਹੈ। ਮੰਨਣਾ ਪਵੇਗਾ ਕਿ 'ਪੰਜਾਬ ਪੁਲਿਸ! ਹਾਜ਼ਰ ਹੈ ਜਨਾਬ।'

ਸ਼ੋਸ਼ਲ ਮੀਡੀਆ 'ਤੇ ਉਪਲਬਧ ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਨੇ ਆਪਣੇ 1861 ਪੁਲਿਸ ਐਕਟ ਵਾਲੇ ਮੁਹਾਂਦਰੇ ਨੂੰ ਸੁਧਾਰਨ ਲਈ ਅਤੇ ਪੰਜਾਬ ਪੁਲਿਸ ਐਕਟ 2007 ਦੇ ਹਾਣੀ ਬਣਨ ਲਈ 2018 ਵਿੱਚ ਆਪਣੇ ਸ਼ੋਸ਼ਲ ਮੀਡੀਆ ਸੈੱਲ ਦਾ ਗਠਨ ਕੀਤਾ ਸੀ, ਜੋ ਯਤਨਸ਼ੀਲ ਹੈ ਕਿ ਪੰਜਾਬ ਪੁਲਿਸ ਦੇ ਅਕਸ ਨੂੰ ਲੋਕ ਪੱਖੀ ਕਮਿਉਨਿਟੀ ਪੁਲਿਸਿੰਗ ਦਾ ਬਣਾਉਂਦੇ ਹੋਏ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾਵੇ ਅਤੇ ਪੁਲਿਸ ਵੱਲੋਂ ਦਿੱਤੀ ਜਾ ਰਹੀ ਪ੍ਰਮਾਣਿਤ ਜਾਣਕਾਰੀ ਲੋਕਾਂ ਤੱਕ ਥੋੜ੍ਹੇ ਸਮੇਂ ਵਿੱਚ ਪਹੁੰਚਾਈ ਜਾਵੇ। ਪੰਜਾਬ ਪੁਲਿਸ ਵੱਲੋਂ ਕਲੇਮ ਕੀਤਾ ਗਿਆ ਹੈ ਕਿ ਸ਼ੋਸ਼ਲ ਮੀਡੀਆ ਸੈੱਲ ਵੱਲੋਂ ਲਗਭਗ 66 ਨੌਜਵਾਨ ਪੜ੍ਹੇ-ਲਿਖੇ ਅਤੇ ਹੁਨਰਮੰਦ ਦੇ ਇੱਕ ਹੋਰ ਗਰੁੱਪ ਨੂੰ ਰੇਂਜ ਲੈਵਲ ਆਈ.ਟੀ. ਸਿਖਲਾਈ ਕੇਂਦਰਾਂ ਵਿੱਚ ਸਿਖਲਾਈ ਦੇਣ ਲਈ ਟਰੇਨਰ ਵਜੋਂ ਚੁਣਿਆ ਗਿਆ ਹੈ।

ਮਾਰਚ 2020 ਤੱਕ 45,547 ਅਧਿਕਾਰੀਆਂ ਨੂੰ ਸੀ.ਸੀ.ਟੀ.ਐਨ.ਐਸ. (ਅਪਰਾਧ ਅਤੇ ਅਪਰਾਧਿਕ ਟਰੇਨਿੰਗ ਨੈੱਟਵਰਕ ਤੇ ਸਿਸਟਮ) ਪ੍ਰੋਜੈਕਟ ਅਧੀਨ 26,658 ਅਧਿਕਾਰੀਆਂ ਨੂੰ ਆਈ.ਟੀ. ਨਾਲ ਸਬੰਧਤ ਹੋਰ ਕੋਰਸਾਂ ਵਿੱਚ ਅਤੇ 1018 ਅਧਿਕਾਰੀਆਂ ਨੂੰ ਈ-ਆਫ਼ਿਸ ਪ੍ਰੋਜੈਕਟ ਵਿੱਚ ਸਿਖਲਾਈ ਦਿੱਤੀ ਗਈ ਹੈ। ਪੁਲਿਸ ਦੇ ਡਿਜੀਟਲ ਕਲੇਮ ਤੋਂ ਲਗਦਾ ਹੈ ਕਿ ਹੁਣ ਤੱਕ 80% ਤੋਂ 90% ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਡਿਜ਼ੀਟਲ ਪੱਖੋਂ ਸਮੇਂ ਦਾ ਹਾਣੀ ਬਣਨ ਲਈ ਸੂਚਨਾ ਤਕਨਾਲੋਜੀ ਦੇ ਵੱਖ ਵੱਖ ਖੇਤਰਾਂ ਵਿੱਚ ਟਰੇਨਿੰਗ ਤੇ ਮੁਹਾਰਤ ਹਾਸਲ ਕਰ ਲਈ ਹੈ, ਜਿਸ ਦੀ ਪੁਸ਼ਟੀ ਪੰਜਾਬ ਪੁਲਿਸ ਦੀ ਸ਼ੋਸ਼ਲ ਮੀਡੀਆ ਉਤੇ ਵੱਧ ਰਹੀ ਸਰਗਰਮੀ ਅਤੇ ਪ੍ਰਚਾਰ ਤੋਂ ਲਗਦਾ ਹੈ ਕਿ ਪੰਜਾਬ ਪੁਲਿਸ ਪੰਜਾਬ ਵਿੱਚ ਅਮਨ ਕਾਨੂੰਨ ਨੂੰ ਬਹਾਲ ਰੱਖਣ ਅਤੇ ਅਪਰਾਧੀਆਂ ਨੂੰ ਖੋਜਣ ਤੇ ਫੜਨ ਦੇ ਮੁੱਖ ਫਰਜ਼ਾਂ ਦੇ ਨਾਲ ਨਾਲ ਸ਼ੋਸ਼ਲ ਮੀਡੀਆ ਸਾਧਕ ਵੀ ਬਣ ਰਹੀ ਹੈ।

ਨਸ਼ਿਆਂ ਦੀ ਮਹਾਂਮਾਰੀ ਦਾ ਸ਼ਿਕਾਰ ਹੋਏ ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾਉਣ ਲਈ 18 ਅਕਤੂਬਰ 2023 ਨੂੰ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਸਰ ਵਿਖੇ 'ਅਰਦਾਸ ਕਰੋ, ਹਲਫ ਲਉ ਅਤੇ ਖੇਡੋ' ਮੁਹਿੰਮ ਚਲਾਈ ਗਈ ਹੈ। ਇਸੇ ਤਰ੍ਹਾਂ 16 ਨਵੰਬਰ 2023 ਨੂੰ ਲੁਧਿਆਣਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਅਤੇ 'ਨਸ਼ਾ ਮੁਕਤ ਪੰਜਾਬ' ਨੂੰ ਸਮਰਪਿਤ ਵੱਡੀ ਸਾਇਕਲ ਰੈਲੀ 'ਯੂਥ ਅਗੇਂਸਟ ਡਰੱਗਜ਼' ਦਾ ਆਯੋਜਨ ਕੀਤਾ ਗਿਆ ਹੈ, ਜਿਸਦਾ ਮੁੱਖ ਮਕਸਦ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਹੈ। ਇਸ ਮੁਹਿੰਮ ਦਾ ਪ੍ਰਚਾਰ ਪੰਜਾਬ ਪੁਲਿਸ ਵੱਲੋਂ ਆਪਣੇ ਹਰੇਕ ਪੋਰਟਲ ਅਤੇ ਸ਼ੋਸ਼ਲ ਮੀਡੀਆ ਪਲੇਟਫਾਰਮ ਉਤੇ ਕੀਤਾ ਜਾ ਰਿਹਾ ਹੈ। ਨਸ਼ਿਆਂ ਵਿਰੁੱਧ ਸਾਇਕਲ ਰੈਲੀ ਅਤੇ ਹੋਰ ਸਰਗਰਮੀਆਂ ਰਾਹੀਂ ਚੱਲ ਰਹੀ ਮੁਹਿੰਮ ਪੰਜਾਬ ਵਿੱਚੋਂ ਨਸ਼ਾ ਰੋਕਣ ਵਿੱਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਤਾਂ ਸਮਾਂ ਹੀ ਦੱਸੇਗਾ।

ਪੁਲਿਸ ਐਕਟ 1861 ਨੇ ਪੰਜਾਬ ਪੁਲਿਸ ਦਾ ਇੱਕ ਸੰਸਥਾ ਅਤੇ ਫੋਰਸ ਵਜੋਂ ਪਹਿਚਾਣ ਦਿੱਤੀ ਹੈ, ਜਦਕਿ ਪੰਜਾਬ ਪੁਲਿਸ ਐਕਟ 2007 ਨੇ ਪੰਜਾਬ ਪੁਲਿਸ ਦੀ ਭੂਮਿਕਾ, ਕੰਮਕਾਰ ਅਤੇ ਫ਼ਰਜਾਂ ਨੂੰ ਮੁੜ-ਪ੍ਰਭਾਸ਼ਿਤ ਕੀਤਾ ਗਿਆ ਹੈ। ਇਸ ਅਨੁਸਾਰ ਅਪਰਾਧਾਂ ਨੂੰ ਰੋਕਣ ਤੇ ਖੋਜਣ ਦੇ ਨਾਲ ਨਾਲ ਲੋਕਾਂ ਦੇ ਜੀਵਨ, ਆਜ਼ਾਦੀ ਅਤੇ ਜਾਇਦਾਦ, ਮਨੁੱਖੀ ਗੌਰਵ ਤੇ ਅਧਿਕਾਰਾਂ ਦੀ ਰਾਖੀ, ਕੁਦਰਤੀ ਅਤੇ ਮਾਨਵੀ ਆਫਤਾਂ ਕਾਰਨ ਪ੍ਰਭਾਵਿਤ ਲੋਕਾਂ ਨੂੰ ਬਿਨਾ ਰਿਸ਼ਵਤ ਹਰ ਸੰਭਵ ਮਦਦ ਦੇਣਾ, ਲੋਕਾਂ ਅਤੇ ਮੋਟਰ ਗੱਡੀਆਂ ਦੀ ਸੜਕਾਂ ਤੇ ਹਾਈਵੇਅ ਉਤੇ ਨਿਰਵਿਘਨ ਅਤੇ ਬਿਨਾ ਜ਼ੋਖ਼ਮ ਦੇ ਆਵਾਜਾਈ ਲਈ ਚਾਲੂ ਰੱਖਣਾ ਆਦਿ। ਪੁਲਿਸ ਕਾਨੂੰਨ 2007 ਅਨੁਸਾਰ ਹਰੇਕ ਪੁਲਿਸ ਅਫ਼ਸਰ ਦਾ ਫ਼ਰਜ਼ ਹੈ ਕਿ ਉਹ ਲੋਕਾਂ ਨਾਲ ਹਲੀਮੀ ਅਤੇ ਸਦਭਾਵਨਾ ਨਾਲ ਪੇਸ਼ ਆਵੇ, ਜਨਤਕ ਥਾਂਵਾਂ 'ਤੇ ਬੱਚਿਆਂ ਅਤੇ ਔਰਤਾਂ ਨੂੰ ਪ੍ਰੇਸ਼ਾਨ ਹੋਣ ਤੋਂ ਬਚਾਇਆ ਜਾਵੇ। ਮੰਨਿਆ ਜਾਂਦਾ ਹੈ ਕਿ ਹਰੇਕ ਪੁਲਿਸ ਅਫ਼ਸਰ ਹਰ ਸਮੇਂ ਡਿਊਟੀ ਉਤੇ ਹਾਜ਼ਰ ਹੈ। ਪੰਜਾਬ ਪੁਲਿਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਇਸ ਦਾ ਹੇਠਾਂ ਤੋਂ ਉੱਪਰ ਤੱਕ ਆਧੁਨਿਕੀਕਰਨ ਜਰੂਰੀ ਹੈ।

ਅਜੋਕੇ ਦੌਰ ਵਿੱਚ ਜਦਕਿ ਸਮਾਜ ਵਿੱਚ ਹਿੰਸਾ ਅਤੇ ਸੰਗਠਨ ਅਪਰਾਧਾਂ ਦੇ ਵਧਣ ਦੇ ਨਾਲ ਨਾਲ ਗੈਂਗਸਟਰ, ਸਮਗਲਰ ਅਤੇ ਸਮਾਜ ਵਿਰੋਧੀ ਅਨਸਰ ਅਤੀ-ਆਧੁਨਿਕ ਹਥਿਆਰਾਂ ਅਤੇ ਡਿਜੀਟਲ ਤਕਨੀਕਾਂ ਨਾਲ ਲੈਸ ਹਨ। ਇਸ ਦੇ ਨਾਲ ਹੀ ਸਾਈਬਰ ਕ੍ਰਾਈਮ ਵਿੱਚ ਵੀ ਚੋਖਾ ਵਾਧਾ ਹੋ ਰਿਹਾ ਹੈ।

ਗੈਂਗਸਟਰ ਤੇ ਸਮਗਲਰ ਅਤੇ ਸਮਾਜ ਵਿਰੋਧੀ ਤੱਤ ਸ਼ੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਧੇਰੇ ਵਰਤੋਂ ਕਰਨ ਲੱਗ ਪਏ ਹਨ। ਬਿਸ਼ਨੋਈ, ਸੰਪਤ ਨਹਿਰਾ, ਅਰਸ਼ਦੀਪ ਡੱਲਾ, ਲੱਕੀ ਪਟਿਆਲ ਆਦਿ ਗੈਂਗਸਟਰ ਸ਼ੋਸ਼ਲ ਮੀਡੀਆ ਦੇ ਨਾਲ ਨਾਲ ਇਲੈਕਟ੍ਰੋਨਿਕ ਮੀਡੀਆ (ਟੀ.ਵੀ., ਯੂਟਿਊਬ, ਫੇਸਬੁੱਕ) ਉਪਰ ਸਰਗਰਮ ਹਨ। ਸਾਲ 2020 ਤੋਂ ਸਤੰਬਰ 2023 ਤੱਕ ਪੰਜਾਬ ਪੁਲਿਸ ਵਲੋ ਗੈਂਗਸਟਰਾਂ ਦੇ 6000 ਸ਼ੋਸ਼ਲ ਮੀਡੀਆ ਅਕਾਊਂਟ/ਲਿੰਕ ਬੰਦ ਕਰਵਾਏ ਗਏ ਅਤੇ ਜਿਸ ਵਿੱਚ 4185 ਫੇਸਬੁੱਕ, 513 ਟਵੀਟਰ, 118 ਇੰਸਟਾਗ੍ਰਾਮ, 14 ਕਲੱਬ ਹਾਊਸ, 30 ਸਟੈਂਪ ਕੈਟ, ਸਿਗਨਲ ਸ਼ਾਮਲ ਹਨ।

ਨੈਸ਼ਨਲ ਜੁਡੀਸ਼ੀਅਲ ਡੈਟਾ ਗਰਿੱਡ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਰਾਜ ਨਾਲ ਸਬੰਧਤ ਵੱਖ ਵੱਖ ਅਦਾਲਤਾਂ ਵਿੱਚ ਕੁੱਲ 8,66,113 ਕੇਸ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ 4,81,263 ਕ੍ਰਿਮੀਨਲ ਅਤੇ 3,84,850 ਸਿਵਲ ਕੇਸ ਹਨ। ਜੇਕਰ ਕ੍ਰਿਮੀਨਲ ਕੇਸਾਂ ਦੀ ਗੱਲ ਕੀਤੀ ਜਾਵੇ ਤਾਂ ਅਦਾਲਤਾਂ ਵਿੱਚ 80.74% ਅਸਲ ਕੇਸ, 5.26% ਅਪੀਲ ਕੇਸ ਅਤੇ 14% ਆਮ ਅਰਜੀਆਂ ਵਾਲੇ ਕੇਸ ਹਨ।

83.59% ਕੇਸਾਂ ਵਿੱਚ ਵਰੰਟ ਜਾਂ ਸੰਮਨ ਜਾਰੀ ਹੋਣੇ ਹਨ, 16.09% ਸ਼ੈਸ਼ਨ ਕੇਸ ਹਨ, 56.31% ਕੇਸਾਂ ਇੱਕ ਸਾਲ ਤੋਂ ਘੱਟ ਸਮੇਂ ਵਾਲੇ, 26.93% ਇੱਕ ਤੋਂ ਤਿੰਨ ਸਾਲ ਪੁਰਾਣੇ, 13.91% ਤਿੰਨ ਤੋਂ ਪੰਜ ਸਾਲ ਪੁਰਾਣੇ, 2.71% 5 ਤੋਂ 10 ਸਾਲ ਪੁਰਾਣੇ ਹਨ। 39.79% ਕੇਸਾਂ ਵਿੱਚ ਧਿਰਾਂ ਦੀ ਅਦਾਲਤਾਂ ਵਿੱਚ ਹਾਜ਼ਰੀ ਲਈ ਸਰਵਿਸ ਨਹੀਂ ਹੋਈ, 50% ਬਹਿਸ/ਫੈਸਲੇ ਕਾਰਨ ਪੈਂਡਿੰਗ ਹਨ, 7.38% ਕੇਸਾਂ ਵਿੱਚ ਅਜੇ ਚਾਰਜ ਫਰੇਮ ਨਹੀਂ ਹੋਏ, 40.35% ਕੇਸਾਂ ਵਿੱਚ ਮੁਜਰਮਾਂ ਨੂੰ ਅਦਾਲਤ ਵਿੱਚ ਅਜੇ ਪੇਸ਼ ਨਹੀਂ ਕੀਤਾ ਗਿਆ। 35.73% ਕੇਸਾਂ ਵਿੱਚ ਅਦਾਲਤਾਂ ਵੱਲੋਂ ਸਟੇਅ ਮਿਲਿਆ ਹੈ। 7.26% ਕੇਸਾਂ ਵਿੱਚ ਅਦਾਲਤਾਂ ਵਿੱਚ ਪੁਲਿਸ ਵੱਲੋਂ ਰਿਕਾਰਡ ਪੇਸ਼ ਨਹੀਂ ਕੀਤਾ ਗਿਆ। ਯਾਦ ਰੱਖਣਾ ਹੋਵੇਗਾ ਕਿ ਲੰਬਤ ਅਪਰਾਧਿਕ ਕੇਸਾਂ ਵਿੱਚ 46,188 ਔਰਤਾਂ ਵੱਲੋਂ ਅਤੇ 18,080 ਕੇਸ ਬਜ਼ੁਰਗਾਂ ਵਲੋਂ ਅਦਾਲਤਾਂ ਵਿੱਚ ਦਰਜ ਕਰਵਾਏ ਗਏ ਹਨ। ਪੰਜਾਬ ਪੁਲਿਸ ਨੂੰ ਸ਼ੋਸ਼ਲ ਮੀਡੀਆ ਉਤੇ ਸਰਗਰਮ ਹੋਣ ਨਾਲ ਅਦਾਲਤਾਂ ਵਿੱਚ ਪੈਂਡਿੰਗ ਅਪਰਾਧਿਕ ਕੇਸਾਂ ਦੀ ਪੈਰਵੀ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਨਸ਼ਿਆਂ ਦੀ ਮਹਾਂਮਾਰੀ ਦੇ ਨਾਲ ਨਾਲ ਪੰਜਾਬ ਲਈ ਵਾਤਾਵਰਨ ਪ੍ਰਦੂਸ਼ਣ ਵੀ ਚਿੰਤਾ ਦਾ ਵਿਸ਼ਾ ਹੈ। ਨੈਸ਼ਨਲ ਪੁਲਿਸ ਅਕਾਦਮੀ ਵੱਲੋਂ ਨਿਖਿਲ ਜੈ ਪ੍ਰਕਾਸ਼ ਆਈ.ਪੀ.ਐਸ. ਦਾ ਵਾਤਾਵਰਨ ਪੁਲਿਸਿੰਗ ਬਾਰੇ ਖੋਜ ਪੱਤਰ ਆਪਣੇ ਜਨਰਲ ਵਿੱਚ ਛਾਪਿਆ ਹੈ, ਜਿਸ ਵਿੱਚ ਵਾਤਾਵਰਨ ਪ੍ਰਦੂਸ਼ਨ ਨਾਲ ਨਜਿੱਠਣ ਲਈ ਜੈ ਪ੍ਰਕਾਸ਼ ਵਲੋ 'ਵਾਤਾਵਰਨ ਪੁਲਿਸਿੰਗ' ਦੇ ਗਠਨ ਦਾ ਸੁਝਾਅ ਦਿੱਤਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀਆਂ ਰਿਪੋਰਟਾਂ ਅਨੁਸਾਰ ਵਾਤਾਵਰਨ ਪ੍ਰਦੂਸ਼ਣ ਦੇ ਅਪਰਾਧ ਦਿਨੋ ਦਿਨ ਵੱਧ ਰਹੇ ਹਨ।

16 ਨਵੰਬਰ 2023 ਨੂੰ ਲੁਧਿਆਣਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਅਤੇ 'ਨਸ਼ਾ ਮੁਕਤ ਪੰਜਾਬ' ਨੂੰ ਸਮਰਪਿਤ ਵੱਡੀ ਸਾਇਕਲ ਰੈਲੀ 'ਯੂਥ ਅਗੇਂਸਟ ਡਰੱਗਜ਼' ਦਾ ਆਯੋਜਨ ਕੀਤਾ ਗਿਆ ਹੈ, ਜਿਸਦਾ ਮੁੱਖ ਮਕਸਦ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਹੈ। ਇਸ ਮੁਹਿੰਮ ਦਾ ਪ੍ਰਚਾਰ ਪੰਜਾਬ ਪੁਲਿਸ ਵੱਲੋਂ ਆਪਣੇ ਹਰੇਕ ਪੋਰਟਲ ਅਤੇ ਸ਼ੋਸ਼ਲ ਮੀਡੀਆ ਪਲੇਟਫਾਰਮ ਉਤੇ ਕੀਤਾ ਜਾ ਰਿਹਾ ਹੈ। ਨਸ਼ਿਆਂ ਵਿਰੁੱਧ ਸਾਇਕਲ ਰੈਲੀ ਅਤੇ ਹੋਰ ਸਰਗਰਮੀਆਂ ਰਾਹੀਂ ਚੱਲ ਰਹੀ ਮੁਹਿੰਮ ਪੰਜਾਬ ਵਿੱਚੋਂ ਨਸ਼ਾ ਰੋਕਣ ਵਿੱਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਤਾਂ ਸਮਾਂ ਹੀ ਦੱਸੇਗਾ।


## ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ




ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at
www.davenportfamily.com

Davenport
FAMILY FUNERAL HOMES AND CREMATORY

# ਸਿੱਖ ਬੰਦੀਆਂ ਦੀ ਰਿਹਾਈ ਦਾ ਮੁੱਦਾ ਉਠਿਆ ਬੰਦੀ ਛੋੜ ਦਿਵਸ ਮੌਕੇ

## ■ਸ਼੍ਰੋਮਣੀ ਕਮੇਟੀ ਵੱਲੋਂ ਰਾਜਪਾਲ ਨੂੰ ਮੰਗ ਪੱਤਰ ■ਦਲ ਖਾਲਸਾ ਵੱਲੋਂ ਅੰਮ੍ਰਿਤਸਰ ਵਿੱਚ ਪ੍ਰਦਰਸ਼ਨ

**ਅੰਮ੍ਰਿਤਸਰ:** ਬੰਦੀ ਛੋੜ ਦਿਵਸ (ਦੀਵਾਲੀ) ਮੌਕੇ 13 ਨਵੰਬਰ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੰਜੀ ਸਾਹਿਬ ਹਾਲ ਵਿੱਚ ਹੋਏ ਇੱਕ ਸਮਾਗਮ ਵਿੱਚ ਸ੍ਰੀ ਅਕਾਲ ਤਕਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਅਤੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਨੂੰ ਰਿਹਾਅ ਨਾ ਕਰਨਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ 17 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੈ ਅਤੇ ਉਸ ਦੀ ਰਿਹਾਈ ਦੀ ਪਟੀਸ਼ਨ 12 ਸਾਲਾਂ ਤੋਂ

**ਜੇ. ਐਸ. ਮਾਂਗਟ**

ਗ੍ਰਹਿ ਮੰਤਰਾਲੇ ਕੋਲ ਲਟਕ ਰਹੀ ਹੈ। ਜਥੇਦਾਰ ਨੇ ਰੋਸ ਜਾਹਰ ਕੀਤਾ ਕਿ ਇੱਕ ਪਾਸੇ ਸੰਗੀਨ ਜੁਰਮਾਂ ਵਿੱਚ ਬੰਦ ਵਿਅਕਤੀਆਂ ਨੂੰ ਛੱਡਿਆ ਜਾ ਰਿਹਾ ਅਤੇ ਦੂਜੇ ਪਾਸੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਸਾਹਿਬਾਨ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਚਾਰਾਜੋਈ ਕਰਨ ਲਈ ਵੀ ਕਿਹਾ।

ਇਸੇ ਮੁਹਿੰਮ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਵਫਦ ਬੀਤੀ 16 ਨਵੰਬਰ ਵਾਲੇ ਦਿਨ ਰਾਜਪਾਲ ਨੂੰ ਮਿਲਿਆ ਅਤੇ ਉਨ੍ਹਾਂ ਨੇ ਲੰਮੇ ਅਰਸੇ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ। ਇਸ ਮੌਕੇ ਸਿੰਘਾਂ ਦੀ ਰਿਹਾਈ ਲਈ ਰਾਸ਼ਟਰਪਤੀ ਦੇ ਨਾਂ ਦਿੱਤੇ ਗਏ ਮੰਗ ਪੱਤਰ ਤੋਂ ਇਲਾਵਾ ਰਿਹਾਈ ਦੇ ਹੱਕ ਵਿੱਚ ਕਰਵਾਏ ਗਏ 25 ਲੱਖ ਸਿੱਖਾਂ ਦੇ ਦਸਤਖਤ ਵੀ ਰਾਜਪਾਲ ਨੂੰ ਸੌਂਪੇ ਗਏ। ਦਸਤਖਤਾਂ ਵਾਲੇ ਇਹ ਪ੍ਰੋਫਾਰਮੇ ਟਰੱਕ ਭਰ ਕੇ ਚੰਡੀਗੜ੍ਹ ਲਿਆਂਦੇ ਗਏ ਸਨ, ਪਰ ਰਾਜਪਾਲ ਨੂੰ ਦਸਤਖਤ ਡਿਜ਼ੀਟਲ ਰੂਪ ਵਿੱਚ ਹੀ ਸੌਂਪੇ ਗਏ ਹਨ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੂੰ ਮਿਲਣ ਵਾਲੇ ਇਸ ਵਫਦ ਵਿੱਚ ਸ. ਧਾਮੀ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖਾਲਸਾ, ਜਨਰਲ ਸਕੱਤਰ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਗਵੰਤ ਸਿੰਘ ਸਿਆਲਕਾ, ਮੀਤ ਸਕੱਤਰ ਲਖਬੀਰ ਸਿੰਘ ਅਤੇ ਹਰਭਜਨ ਸਿੰਘ ਸ਼ਾਮਲ ਸਨ।

ਰਾਸ਼ਟਰਪਤੀ ਨੂੰ ਦਿੱਤੇ ਗਏ ਮੰਗ ਪੱਤਰ ਵਿੱਚ ਉਮਰ ਕੈਦ ਨਾਲੋਂ ਦੁੱਗਣੀ ਸਜ਼ਾ ਭੁਗਤ ਚੁੱਕੇ ਗੁਰਦੀਪ ਸਿੰਘ ਖੇੜਾ, ਦਵਿੰਦਰ ਪਾਲ ਸਿੰਘ ਭੁੱਲਰ, ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ, ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ ਭਿਉਰਾ ਅਤੇ ਜਗਤਾਰ ਸਿੰਘ ਤਾਰਾ ਦੀ ਰਿਹਾਈ ਦੀ ਮੰਗ ਕੀਤੀ ਗਈ ਹੈ। ਮੰਗ ਪੱਤਰ ਵਿੱਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੇ ਮਾਮਲੇ ਦਾ ਨਿਪਟਾਰਾ ਕਰਨ ਦੀ ਵੀ ਅਪੀਲ ਕੀਤੀ ਗਈ। ਮੰਗ ਪੱਤਰ ਵਿੱਚ ਬੰਦੀ ਸਿੰਘਾਂ ਸਬੰਧੀ ਵੇਰਵੇ ਵੀ ਦਰਜ ਕੀਤੇ ਗਏ ਹਨ। ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਾ ਦੇਣ ਅਤੇ ਸਿੱਖ ਬੰਦੀਆਂ ਨੂੰ ਉਮਰੋਂ ਲੰਮੀਆਂ ਕੈਦਾਂ ਭੁਗਤਣ ਲਈ ਮਜ਼ਬੂਰ ਕਰਨ ਦਾ ਵੀ ਜ਼ਿਕਰ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਧਾਮੀ ਨੇ ਕਿਹਾ ਕਿ ਇਸ ਮੌਕੇ ਸਿੱਖ ਬੰਦੀਆਂ ਦੀ ਰਿਹਾਈ ਦਾ ਮੁੱਦਾ ਸਭ ਤੋਂ ਅਹਿਮ ਮੁੱਦਾ ਹੈ। ਇਸ ਤੋਂ ਇਲਾਵਾ ਮੰਗ ਪੱਤਰ ਵਿੱਚ ਸਿੱਖ ਗੁਰਦੁਆਰਾ ਐਕਟ 1925 ਨਾਲ ਕੀਤੀ ਗਈ ਛੇੜ ਛਾੜ ਦਾ ਮਾਮਲਾ ਵੀ ਉਠਾਇਆ ਗਿਆ।

**ਦਲ ਖਾਲਸਾ ਵੱਲੋਂ ਪ੍ਰਦਰਸ਼ਨ:** ਦੀਵਾਲੀ ਤੋਂ ਇੱਕ ਦਿਨ ਪਹਿਲਾਂ ਦਲ ਖਾਲਸਾ ਵੱਲੋਂ ਵੀ ਅੰਮ੍ਰਿਤਸਰ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਰਦਾਸ ਕੀਤੀ ਗਈ ਅਤੇ ਰਿਹਾਈ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਗਿਆ। ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਕਾਨੂੰਨੀ ਅਤੇ ਰਾਜਨੀਤਿਕ ਤਰੀਕਿਆਂ ਨਾਲ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ ਗਿਆ। ਇਸ ਮੌਕੇ ਬੋਲਦਿਆਂ ਜਥੇਬੰਦੀ ਦੇ ਆਗੂ ਸ. ਗੁਰਨਾਮ ਸਿੰਘ ਮੂਨਕ ਨੇ ਕਿਹਾ ਕਿ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਉਨ੍ਹਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਜੇ ਇਸ ਮਾਮਲੇ ਵਿੱਚ ਸੰਘਰਸ਼ ਨਾ ਕੀਤਾ ਗਿਆ ਤਾਂ ਸਰਕਾਰਾਂ ਨੇ ਸਿੱਖ ਕੈਦੀਆਂ ਨੂੰ ਇਨਸਾਫ ਨਹੀਂ ਦੇਣਾ। ਨੌਜਵਾਨਾਂ ਵੱਲੋਂ ਇਹ ਪ੍ਰਦਰਸ਼ਨ ਘੰਟਾ ਘਰ ਪਲਾਜਾ ਨੇੜੇ ਆਯੋਜਤ ਕੀਤਾ ਗਿਆ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਰਹੂਮ ਮੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਵੱਲੋਂ ਇੱਕ ਪੱਤਰ ਲਿਖ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਗਈ ਸੀ ਕਿ ਉਨ੍ਹਾਂ ਦੀ ਫਾਂਸੀ ਦੀ ਮੁਆਫੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਵਾਪਸ ਲਈ ਜਾਵੇ। ਭਾਈ ਰਾਜੋਆਣਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਹੁਕਮ ਕਰਨ ਕਿ ਉਨ੍ਹਾਂ ਦੀ ਫਾਂਸੀ ਰੁਕਵਾਉਣ ਲਈ ਰਾਸ਼ਟਰਪਤੀ ਕੋਲ ਕੀਤੀ ਗਈ ਰਹਿਮ ਦੀ ਅਪੀਲ ਰੱਦ ਕੀਤੀ ਜਾਵੇ।



ਯਾਦ ਰਹੇ, ਪੰਜਾਬ ਦੇ ਉਸ ਵੇਲੇ ਦੇ ਕਾਂਗਰਸੀ ਮੁੱਖ ਮੰਤਰੀ 31 ਅਗਸਤ 1995 ਨੂੰ ਚੰਡੀਗੜ੍ਹ ਵਿੱਚ ਹੋਏ ਇੱਕ ਆਤਮਘਾਤੀ ਬੰਬ ਧਮਾਕੇ ਵਿੱਚ ਮਾਰੇ ਗਏ ਸਨ। ਇਸ ਮਾਮਲੇ ਵਿੱਚ ਜਗਤਾਰ ਸਿੰਘ ਹਵਾਰਾ ਤੇ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਹੋਈ ਸੀ। 2010 ਵਿੱਚ ਹਵਾਰਾ ਦੀ ਅਪੀਲ 'ਤੇ ਹਾਈਕੋਰਟ ਨੇ ਉਸ ਦੀ ਫਾਂਸੀ ਦੀ ਸਜ਼ਾ ਤਾਉਮਰ ਕੈਦ ਵਿੱਚ ਬਦਲ ਦਿੱਤੀ ਸੀ। ਰਾਜੋਆਣਾ ਦੀ ਫਾਂਸੀ ਲਈ 30 ਮਾਰਚ 2012 ਦਾ ਦਿਨ ਮਿੱਥਿਆ ਗਿਆ ਸੀ ਅਤੇ ਉਸ ਵੱਲੋਂ ਆਪਣੀ ਫਾਂਸੀ ਰੋਕਣ ਲਈ ਕੋਈ ਅਪੀਲ ਨਹੀਂ ਸੀ ਕੀਤੀ ਗਈ। ਇਸ ਮਾਮਲੇ ਵਿੱਚ ਅਕਾਲ ਤਖਤ ਸਾਹਿਬ ਦੇ ਅਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਰਾਜੋਆਣਾ ਦੀ ਫਾਂਸੀ ਰੁਕਵਾਉਣ ਲਈ ਰਾਸ਼ਟਰਪਤੀ ਕੋਲ ਅਪੀਲ ਕੀਤੀ ਗਈ ਸੀ। ਮਿੱਥੀ ਤਰੀਕ ਤੋਂ ਦੋ ਦਿਨ ਪਹਿਲਾਂ ਇਸ ਫਾਂਸੀ 'ਤੇ ਰੋਕ ਲਗਾ ਕੇ ਰਾਸ਼ਟਰਪਤੀ ਨੇ ਇਸ ਸਬੰਧੀ ਫਾਈਲ ਗ੍ਰਹਿ ਮੰਤਰਾਲੇ ਕੋਲ ਭੇਜ ਦਿੱਤੀ ਸੀ। ਪਿਛਲੇ 12 ਸਾਲਾਂ ਤੋਂ ਇਹ ਫਾਈਲ ਕੇਂਦਰੀ ਗ੍ਰਹਿ ਮੰਤਰਾਲੇ ਵਿੱਚ ਪਈ ਹੈ।

### ਅੰਮ੍ਰਿਤਪਾਲ ਸਿੰਘ ਸਮੇਤ ਸਮੂਹ ਸਿੱਖ ਬੰਦੀਆਂ ਦੀ ਰਿਹਾਈ ਲਈ ਕੇਸਗੜ੍ਹ ਸਾਹਿਬ ਵਿਖੇ ਅਰਦਾਸ ਸਮਾਗਮ

ਇਸੇ ਦੌਰਾਨ ਬੀਤੀ 19 ਨਵੰਬਰ ਨੂੰ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਦੀ ਅਗਵਾਈ ਵਿੱਚ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਿੱਖ ਬੰਦੀਆਂ ਦੀ ਰਿਹਾਈ ਲਈ ਅਰਦਾਸ ਕੀਤੀ ਗਈ। ਯਾਦ ਰਹੇ, 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਨੈਸ਼ਨਲ ਸਿਕਿਉਰਿਟੀ ਐਕਟ ਤਹਿਤ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਇਸ ਸਬੰਧੀ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਇਹ ਪੰਜ ਤਖਤਾਂ 'ਤੇ ਕੀਤੇ ਜਾ ਰਹੇ ਅਰਦਾਸ ਸਮਾਗਮਾਂ ਦਾ ਦੂਜਾ ਪੜਾਅ ਹੈ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਰਦਾਸ ਬੇਨਤੀ ਕੀਤੀ ਗਈ ਹੈ। ਅਗਲਾ ਅਰਦਾਸ ਸਮਾਗਮ 3 ਦਸੰਬਰ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦਾ ਨਿਸ਼ਾਨਾ ਸਿੱਖ ਨੌਜਵਾਨਾਂ ਨੂੰ ਅੰਮ੍ਰਿਤ ਛਕਾਉਣਾ ਅਤੇ ਨਸ਼ਾ ਮੁਕਤ ਕਰਨਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਉਨ੍ਹਾਂ ਦੇ ਪਿੰਡ ਜੱਲੂਪੁਰ ਖੇੜਾ ਪਹੁੰਚਣ ਵਾਲੇ ਸਿੰਘਾਂ ਨੂੰ ਬੇਵਜ੍ਹਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਉਣ ਦੀ ਮੁਹਿੰਮ ਜਾਰੀ ਰੱਖੀ ਜਾਵੇਗੀ। ਇਸ ਸਮਾਗਮ ਵਿੱਚ ਬੰਦੀ ਸਿੰਘਾਂ ਦੇ ਪਰਿਵਾਰਾਂ, ਸਿੱਖ ਜਥੇਬੰਦੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਹੁੰਚੇ ਨੌਜਵਾਨਾਂ ਨੇ ਹਿੱਸਾ ਲਿਆ। ਕਾਫੀ ਗਿਣਤੀ ਵਿੱਚ ਨੌਜਵਾਨ ਅੰਮ੍ਰਿਤ ਛਕ ਕੇ ਗੁਰੂ ਵਾਲੇ ਵੀ ਬਣੇ। ਉਨ੍ਹਾਂ ਤਿੰਨ ਦਸੰਬਰ ਨੂੰ ਸੰਗਤਾਂ ਨੂੰ ਸਿੱਧੇ ਦਮਦਮਾ ਸਾਹਿਬ ਪੁੱਜਣ ਦੀ ਅਪੀਲ ਕੀਤੀ।

ਅਰਦਾਸ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਕੀਤੀ ਗਈ। ਇਸ ਮੌਕੇ ਹੋਰਨਾ ਤੋਂ ਇਲਾਵਾ ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਅਵਤਾਰ ਸਿੰਘ ਰਿਆ, ਬਾਬਾ ਬਖਸ਼ੀਸ਼ ਸਿੰਘ ਅਤੇ ਭਾਈ ਪਰਮਜੀਤ ਸਿੰਘ ਬਾਠ ਵੀ ਸ਼ਾਮਲ ਸਨ।

# ਆਸਟਰੇਲੀਆ ਦੀ ਟੀਮ ਨੇ ਜਿੱਤਿਆ ਕ੍ਰਿਕਟ ਵਿਸ਼ਵ ਕੱਪ

ਨੂੰ ਸੈਮੀਫਾਈਨਲ ਵਿੱਚ ਭਾਰਤ ਨੇ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ, ਜਦੋਂ ਕਿ ਇੰਗਲੈਂਡ ਦੀ ਟੀਮ ਫਾਈਨਲ ਦੇ ਨੇੜੇ ਤੇੜੇ ਪਹੁੰਚਣ ਵਿੱਚ ਵੀ ਨਾਕਾਮਯਾਬ ਨਾ ਰਹੀ। ਮੁਹੰਮਦ ਸ਼ੰਮੀ, ਜਸਪ੍ਰੀਤ ਬੁਮਰਾ ਅਤੇ ਮੁਹੰਮਦ ਸਿਰਾਜ 'ਤੇ ਆਧਾਰਤ ਭਾਰਤੀ ਤੇਜ਼ ਗੇਂਦਬਾਜਾਂ ਦੀ ਤਿੱਕੜੀ, ਜਿਸ ਅੱਗੇ ਇਸ ਮੁਕਾਬਲੇ ਵਿੱਚ ਵੱਡੀਆਂ-ਵੱਡੀਆਂ ਟੀਮਾਂ ਢਹਿ ਢੇਰੀ ਹੁੰਦੀਆਂ ਨਜ਼ਰ ਆਈਆਂ, ਵੀ ਫਾਈਨਲ ਮੁਕਾਬਲੇ ਵਿੱਚ ਕਾਰਗਰ ਨਜ਼ਰ ਨਹੀਂ ਆਈ। ਇਸ ਮੈਚ ਦੌਰਾਨ ਭਾਰਤ ਦੇ ਬੱਲੇਬਾਜ਼ ਵੀ ਪਹਿਲੀ ਵਾਰ ਸੰਘਰਸ਼ ਕਰਦੇ ਨਜ਼ਰ ਆਏ।

19 ਨਵੰਬਰ ਨੂੰ ਹੋਏ ਦਿਨ ਰਾਤ ਦੇ ਇਸ ਮੁਕਾਬਲੇ ਵਿੱਚ ਟਾਸ ਜਿੱਤਣ ਤੋਂ ਪਿੱਛੋਂ ਆਸਟਰੇਲੀਆਈ ਕਪਤਾਨ ਪੈਟ ਕਮਿਨਸ ਨੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਲਿਆ ਅਤੇ ਭਾਰਤੀ ਟੀਮ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਲਈ ਮੈਦਾਨ ਵਿੱਚ ਉਤਾਰਿਆ। ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਭਾਵੇਂ ਤਾਬੜਤੋੜ ਸ਼ੁਰੂਆਤ ਕੀਤੀ, ਪਰ ਉਹ ਆਪਣੇ ਕਾਹਲੇ ਸੁਭਾਅ ਕਰਕੇ ਬਹੁਤੀ ਦੇਰ ਟਿਕ ਨਾ ਸਕਿਆ ਅਤੇ ਅਰਧ ਸੈਂਕੜਾ ਪੂਰਾ ਕਰਨ ਤੋਂ ਪਹਿਲਾਂ ਹੀ ਚਲਦਾ ਬਣਿਆ। ਦੂਜਾ ਓਪਨਰ ਸ਼ੁਭਮਨ ਗਿੱਲ ਉਸ ਤੋਂ ਵੀ ਪਹਿਲਾਂ ਚਾਰ ਦੇ ਨਿਜੀ ਸਕੋਰ 'ਤੇ ਆਊਟ ਹੋ ਗਿਆ। ਇਸ ਤੋਂ ਬਾਅਦ ਵਿਰਾਟ ਕੋਹਲੀ ਅਤੇ ਕੇ.ਐਲ. ਰਾਹੁਲ ਨੇ ਖੇਡ ਨੂੰ ਸੰਭਾਂਲਣ ਦੀ ਕੋਸ਼ਿਸ਼ ਕੀਤੀ ਅਤੇ ਦੋਹਾਂ ਨੇ ਮੁਸ਼ਕਿਲ ਨਾਲ ਅਰਧ ਸੈਂਕੜੇ ਬਣਾਏ। ਇਹ ਬੈਟਿੰਗ ਏਨੀ ਧੀਮੀ ਸੀ ਕਿ ਆਪਣੀ ਪੂਰੀ ਟੀਮ ਦੇ ਆਊਟ ਹੋਣ ਤੱਕ ਭਾਰਤ ਸਿਰਫ 240 ਦੌੜਾਂ ਦਾ ਸਕੋਰ ਖੜ੍ਹਾ ਕਰ ਸਕਿਆ। ਭਾਰਤੀ ਬੱਲੇਬਾਜ਼ ਥੋੜ੍ਹੇ ਥੋੜ੍ਹੇ ਸਮੇਂ ਦਾ ਵਕਫਾ ਪਾ ਕੇ ਆਊਟ ਹੁੰਦੇ ਰਹੇ, ਜਿਸ ਕਰਕੇ ਦੌੜਾਂ ਬਣਾਉਣ ਦੀ ਗਤੀ ਬਹੁਤ ਧੀਮੀ ਹੋ ਗਈ।

ਆਸਟਰੇਲੀਆਈ ਟੀਮ ਨੇ ਬੈਟਿੰਗ ਦੀ ਆਪਣੀ ਵਾਰੀ ਸ਼ੁਰੂ ਕਰਦਿਆਂ ਤੇਜ਼ੀ ਨਾਲ ਰਨ ਬਣਾਉਣੇ ਸ਼ੁਰੂ ਕੀਤੇ। ਪਹਿਲੇ ਦੋ-ਤਿੰਨ ਓਵਰਾਂ ਵਿੱਚ ਲੱਗਣ ਲੱਗਾ ਸੀ ਕਿ ਆਸਟਰੇਲੀਆ ਦੀ ਟੀਮ ਕੁਸ਼ ਕੁ ਸਮੇਂ ਵਿੱਚ ਹੀ ਮੈਚ ਖਤਮ ਕਰ ਦੇਵੇਗੀ। ਮੁਹੰਮਦ ਸ਼ੰਮੀ ਅਤੇ ਜਸਪ੍ਰੀਤ ਬੁਮਰਾ ਨੇ ਤਿੰਨ ਖਿਡਾਰੀਆਂ ਨੂੰ ਜਲਦੀ ਜਲਦੀ ਆਊਟ ਕਰਕੇ ਕੁਝ ਆਸ ਪੈਦਾ ਕੀਤੀ, ਪਰ ਆਸਟਰੇਲੀਆ ਦੇ ਆਲਰਾਊਂਡਰ ਖਿਡਾਰੀ ਟਰੈਵਿਸ ਹੈਡ ਅਤੇ ਮਾਰਿਨ ਲਬੂਸ਼ਾਨੇ ਵੱਲੋਂ ਖੇਡੀਆਂ ਗਈਆਂ ਟਿਕਵੀਆਂ ਪਾਰੀਆਂ ਨੇ ਭਾਰਤ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਟਰੈਵਿਸ ਹੈਡ ਨੇ 137 ਅਤੇ ਲਬੂਸ਼ਾਨੇ ਨੇ 58 ਦੌੜਾਂ ਬਣਾਈਆਂ ਤੇ ਉਹ ਅੰਤ ਤੱਕ ਆਊਟ ਨਹੀਂ ਹੋਇਆ। ਟਰੈਵਿਸ ਹੈਡ ਨੂੰ ਮੈਚ ਦੇ ਆਖਰੀ ਪਲਾਂ ਵਿੱਚ ਮੁਹੰਮਦ ਸਿਰਾਜ ਨੇ ਆਊਟ ਕੀਤਾ। ਇੰਜ ਆਸਟਰੇਲੀਆ ਨੇ 6 ਵਿਕਟਾਂ ਗਵਾ ਕੇ 241 ਦੌੜਾਂ ਦਾ ਭਾਰਤ ਵੱਲੋਂ ਦਿੱਤਾ ਗਿਆ ਟੀਚਾ ਸਰ ਕਰ ਲਿਆ।

ਆਸਟਰੇਲੀਆ ਦੇ ਭਰਵੇਂ ਪ੍ਰਦਰਸ਼ਨ ਕਾਰਨ ਮੈਚ ਵੇਖਣ ਆਏ ਤਕਰੀਬਨ ਇੱਕ ਲੱਖ ਭਾਰਤੀ ਦਰਸ਼ਕ ਨਿਰਾਸ਼ ਨਜ਼ਰ ਆਏ। ਭਾਰਤੀ ਟੀਮ ਦੇ ਮਾੜੇ ਪ੍ਰਦਰਸ਼ਨ ਕਾਰਨ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਨਾਂ 'ਤੇ ਬਣੇ ਇਸ ਸਟੇਡੀਅਮ ਵਿੱਚ ਲੁੱਡੀਆਂ ਪਾਉਣ ਦਾ ਮੌਕਾ ਵੀ ਨਹੀਂ ਮਿਲਿਆ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਸਟਰੇਲੀਆ ਦੇ ਉਪ ਪ੍ਰਧਾਨ ਮੰਤਰੀ ਨੇ ਵੀ ਇਸ ਮੈਚ ਦਾ ਆਨੰਦ ਲਿਆ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਜੇਤੂ ਟੀਮ ਨੂੰ ਟਰਾਫੀ ਪ੍ਰਦਾਨ ਕੀਤੀ ਅਤੇ ਉਪ ਜੇਤੂਆਂ ਨੂੰ ਸਨਮਾਨਤ ਕੀਤਾ। ਭਾਰਤੀ ਖਿਡਾਰੀ ਵਿਰਾਟ ਕੋਹਲੀ ਨੂੰ ਮੈਨ ਆਫ ਦਾ ਟੂਰਨਾਮੈਂਟ ਦਾ ਖਿਤਾਬ ਦਿੱਤਾ ਗਿਆ। ਉਸ ਨੇ ਸਾਡੇ ਸੱਤ ਸੌ ਤੋਂ ਵਧੇਰੇ ਦੌੜਾਂ ਇਸ ਟੂਰਨਾਮੈਂਟ ਵਿੱਚ ਬਣਾਈਆਂ।

ਮੈਚ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅਸੀਂ ਹਰ ਹਾਲਤ ਵਿੱਚ ਆਪਣੀ ਟੀਮ ਨਾਲ ਖੜ੍ਹੇ ਹਾਂ। ਖਿਡਾਰੀਆਂ ਨੇ ਚੰਗੀ ਖੇਡ ਦਾ ਮੁਜ਼ਾਹਰਾ ਕੀਤਾ ਹੈ। ਹਾਰ-ਜਿੱਤ ਹੁੰਦੀ ਰਹਿੰਦੀ ਹੈ। ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਕਿਹਾ ਕਿ ਅੱਜ ਸਾਡਾ ਦਿਨ ਨਹੀਂ ਸੀ, ਅਸੀਂ ਚੰਗੀ ਖੇਡ ਦਾ ਮੁਜ਼ਾਹਰਾ ਨਹੀਂ ਕਰ ਸਕੇ। ਉਸ ਨੇ ਕਿਹਾ ਕਿ ਜਿੱਤ ਦਾ ਸਿਹਰਾ ਵਿਰੋਧੀਆਂ ਨੂੰ ਦੇਣਾ ਪਵੇਗਾ। ਆਸਟਰੇਲੀਆ ਦੀ ਟੀਮ ਅੱਜ ਬਹੁਤ ਵਧੀਆ ਖੇਡੀ।

ਉਧਰ ਆਸਟਰੇਲੀਆਈ ਟੀਮ ਦੇ ਖਿਡਾਰੀ ਮੈਚ ਜਿੱਤਣ ਬਾਅਦ ਛਾਤੀਆਂ ਥਾਪੜਦੇ ਨਜ਼ਰ ਆਏ। ਖੁਸ਼ੀ ਵਿੱਚ ਖੀਵੇ ਹੋਏ ਆਸਟਰੇਲੀਆ ਦੀ ਟੀਮ ਦੇ ਕਪਤਾਨ ਪੈਟ ਕਮਿਨਸ ਨੇ ਕਿਹਾ, 'ਅੱਜ ਅਸੀਂ ਦੁਨੀਆਂ ਦੀ ਚੋਟੀ 'ਤੇ ਹਾਂ। ਸਾਡੇ ਲਈ ਇਹ ਪਲ ਯਾਦਗਾਰੀ ਹਨ। ਹਰ ਟੀਮ ਮੁਕਾਬਲੇ ਵਿੱਚ ਟੂਰਨਾਮੈਂਟ ਜਿੱਤਣ ਲਈ ਆਉਂਦੀ ਹੈ। ਵਰਲਡ ਕੱਪ ਬਹੁਤੇ ਖਿਡਾਰੀਆਂ ਦੇ ਕੈਰੀਅਰ ਵਿੱਚ ਮਸਾਂ ਦੋ ਵਾਰ ਆਉਂਦਾ ਹੈ। ਇਸ ਨੂੰ ਜਿੱਤਣਾ ਕਰਿਸ਼ਮੇ ਤੋਂ ਘੱਟ ਨਹੀਂ।'

ਯਾਦ ਰਹੇ, ਮੈਚ ਤੋਂ ਇੱਕ ਦਿਨ ਪਹਿਲਾਂ ਪੈਟ ਕਮਿਨਸ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਆਸਟਰੇਲੀਆ ਦੀ ਟੀਮ ਫਾਈਨਲ ਦਾ ਮਾਨਸਿਕ ਦਬਾਅ ਝੱਲਣ ਲਈ ਤਿਆਰ ਹੈ। ਉਸ ਨੇ ਮੈਚ ਵਿੱਚ ਵੀ ਆਪਣੀ ਟੀਮ ਦੀ ਮਿਸਾਲੀ ਅਗਵਾਈ ਕੀਤੀ। ਇਸ ਤੋਂ ਪਤਾ ਲਗਦਾ ਹੈ ਕਿ ਮਹੱਤਵਪੂਰਨ ਅੰਤਰਾਸ਼ਟਰੀ ਮੁਕਾਬਲੇ ਸਰੀਰਕ ਨਾਲੋਂ ਵੱਧ ਮਾਨਸਿਕ ਪੱਧਰ 'ਤੇ ਖੇਡੇ ਜਾਂਦੇ ਹਨ। ਮਾਨਸਿਕ ਜੰਗ ਵਿੱਚ ਹੀ ਅਸਲ ਵਿੱਚ ਆਸਟਰੇਲੀਆ ਨੇ ਇਹ ਮੁਕਾਬਲਾ ਜਿੱਤਿਆ।

**ਫਾਈਨਲ ਵਿੱਚ ਭਾਰਤੀ ਟੀਮ ਨੂੰ ਛੇ ਵਿਕਟਾਂ ਨਾਲ ਹਰਾਇਆ**
**ਵਿਰਾਟ ਕੋਹਲੀ ਬਣੇ ਮੈਨ ਆਫ ਦਾ ਟੂਰਨਾਮੈਂਟ**



# ਸੁਪਰੀਮ ਕੋਰਟ ਅਪਰਾਧੀ ਲੀਡਰਾਂ ਨਾਲ ਸਖਤੀ ਦੇ ਰੌਂਅ ‘ਚ

**ਕਮਲਜੀਤ ਸਿੰਘ ਬਨਵੈਤ**
**ਫੋਨ: +91-9814734035**

ਭਾਰਤ ਦੀ ਸੁਪਰੀਮ ਕੋਰਟ ਤਰੀਕ ‘ਤੇ ਤਰੀਕ ਨੂੰ ਲੈ ਕੇ ਸਖਤ ਹੋਣ ਲੱਗੀ ਹੈ। ਸੁਪਰੀਮ ਕੋਰਟ ਨੇ ਇੱਕ ਅਹਿਮ ਫੈਸਲਾ ਲੈਂਦਿਆਂ ਦਾਗੀ ਨੇਤਾਵਾਂ ਦੇ ਕੇਸਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਇਨ੍ਹਾਂ ਦਾ ਜਲਦੀ ਵਿੱਚ ਨਿਪਟਾਰਾ ਕਰਨ ਦੇ ਆਦੇਸ਼ ਦਿੱਤੇ ਹਨ। ਸੁਪਰੀਮ ਕੋਰਟ ਦੇ ਇਹ ਹੁਕਮ ਸਿਰਫ ਹਾਈਕੋਰਟ ਵਿੱਚ ਹੀ ਨਹੀਂ, ਸਗੋਂ ਹੇਠਲੀਆਂ ਅਦਾਲਤਾਂ ਵਿੱਚ ਵੀ ਲਾਗੂ ਹੋਣਗੇ। ਸਰਬ ਉੱਚ ਅਦਾਲਤ ਦੇ ਹੁਕਮਾਂ ਦੀ ਤਾਮੀਲ ਨਾ ਕਰਨ ਵਾਲੀਆਂ ਹੇਠਲੀਆਂ ਅਦਾਲਤਾਂ ਨੂੰ ਹਾਈ ਕੋਰਟ ਤਲਬ ਕਰ ਸਕੇਗਾ। ਜ਼ਿਲ੍ਹਾ ਅਦਾਲਤਾਂ ਦੇ ਸੈਸ਼ਨ ਜੱਜਾਂ ਨੂੰ ਕੇਸਾਂ ਦੀ ਰਿਪੋਰਟ ਹਾਈ ਕੋਰਟ ਵਿੱਚ ਪੇਸ਼ ਕਰਨ ਲਈ ਪਾਬੰਦ ਕੀਤਾ ਗਿਆ ਹੈ। ਦਿਲਚਸਪ ਗੱਲ ਇਹ ਕਿ ਸੁਪਰੀਮ ਕੋਰਟ ਨੇ ਦਾਗੀ ਨੇਤਾਵਾਂ ਖਿਲਾਫ ਚਲਦੇ ਕੇਸਾਂ ਦੀ ਜਾਣਕਾਰੀ ਵੈਬਸਾਈਟ ਉੱਤੇ ਪਾਉਣ ਲਈ ਕਹਿ ਦਿੱਤਾ ਹੈ। ਸੁਪਰੀਮ ਕੋਰਟ ਨੇ ਹਾਲ ਦੀ ਘੜੀ ਦਾਗੀ ਨੇਤਾਵਾਂ ਉੱਤੇ ਚੋਣ ਲੜਨ ‘ਤੇ ਪਾਬੰਦੀ ਲਾਉਣ ਦਾ ਫੈਸਲਾ ਰਾਖਵਾਂ ਰੱਖ ਲਿਆ ਹੈ। ਸੁਪਰੀਮ ਕੋਰਟ ਦੇ ਰਿਕਾਰਡ ਮੁਤਾਬਕ ਮੁਲਕ ਦੇ 5000 ਤੋਂ ਵੱਧ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਖਿਲਾਫ ਅਪਰਾਧਿਕ ਕੇਸ ਅਦਾਲਤਾਂ ਵਿੱਚ ਚੱਲ ਰਹੇ ਹਨ। ਸਰਬ ਉੱਚ ਅਦਾਲਤ ਦੇ ਇਸ ਮਹੱਤਵਪੂਰਨ ਫੈਸਲੇ ਨਾਲ ਮੁਲਕ ਦੀ ਸਿਆਸਤ ਵਿੱਚ ਕੁਝ ਹੱਦ ਤੱਕ ਸਫਾਈ ਕਰਨ ਦੀ ਉਮੀਦ ਜਰੂਰ ਬੱਝੀ ਹੈ।



ਹੁਣ ਤੱਕ ਭਾਰਤ ਵਿੱਚ ਸਿਆਸਤ, ਨਿਆਂ ਪਾਲਿਕਾ ਅਤੇ ਲੋਕਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਰਾਜਨੀਤੀ ਦਾ ਅਪਰਾਧੀਕਰਨ ਰਿਹਾ ਹੈ। ਮੁਲਕ ਦੀ ਸੰਸਦ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਅਪਰਾਧਿਕ ਪਿਛੋਕੜ ਦੇ ਨੁਮਾਇੰਦਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਦੇਸ਼ ਦੀਆਂ ਸਰਕਾਰਾਂ ਜਾਂ ਸਿਆਸੀ ਪਾਰਟੀਆਂ ਨੂੰ ਇਸ ਦੀ ਚਿੰਤਾ ਨਹੀਂ ਹੈ। ਚੋਣ ਕਮਿਸ਼ਨ ਨੇ ਰਾਜਨੀਤੀ ਵਿੱਚ ਅਪਰਾਧੀਆਂ ਨੂੰ ਰੋਕਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਸੁਪਰੀਮ ਕੋਰਟ ਜ਼ਰੂਰ ਫਿਕਰਮੰਦ ਲੱਗਦੀ ਹੈ। ਦੇਸ਼ ਦੀ ਸਿਖਰਲੀ ਅਦਾਲਤ ਨੇ ਕਈ ਚਿਰ ਪਹਿਲਾਂ ਰਾਜਨੀਤਕ ਪਾਰਟੀਆਂ ਤੋਂ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਅੱਗੇ ਲਿਆਉਣ ਦਾ ਕਾਰਨ ਪੁੱਛਿਆ ਸੀ। ਦਾਗੀ ਨੇਤਾਵਾਂ ਦੇ ਚੋਣ ਲੜਨ ਉੱਤੇ ਪਾਬੰਦੀ ਲਾਉਣ ਦਾ ਫੈਸਲਾ ਭਾਰਤੀ ਚੋਣ ਕਮਿਸ਼ਨ ਨੂੰ ਤਾਕਤਵਰ ਬਣਾ ਸਕਦਾ ਸੀ, ਜੇ ਉਹ ਰਾਜਨੀਤਕ ਪਾਰਟੀਆਂ ਅਤੇ ਸਰਕਾਰ ਤੋਂ ਸਪਸ਼ਟੀਕਰਨ ਮੰਗਣ ਦਾ ਦਮ ਦਿਖਾ ਦਿੰਦਾ।

ਅਸਲ ਵਿੱਚ ਲੋਕਤੰਤਰ ਦਾ ਮਤਲਬ ਲੋਕਾਂ ਦੀ ਸਰਕਾਰ ਹੁੰਦਾ ਹੈ, ਪਰ ਭਾਰਤ ਵਿੱਚ ਇਸ ਦੇ ਅਰਥ ਪਲਟ ਗਏ ਲਗਦੇ ਹਨ। ਸਰਕਾਰੀ ਅੰਕੜੇ ਦੱਸਦੇ ਹਨ ਕਿ ਮੁਲਕ ਦੀ 15ਵੀਂ ਲੋਕ ਸਭਾ ਜਿਸ ਦੀ ਚੋਣ 2014 ਨੂੰ ਹੋਈ ਸੀ, ਲਈ ਚੁਣੇ ਗਏ ਮੈਂਬਰ ਪਾਰਲੀਮੈਂਟਾਂ ਵਿੱਚੋਂ 24 ਫੀਸਦੀ ਦਾ ਪਿਛੋਕੜ ਅਪਰਾਧਿਕ ਦੱਸਿਆ ਗਿਆ ਹੈ। ਉਸ ਤੋਂ ਅਗਲੀਆਂ ਭਾਵ 2019 ਦੀਆਂ ਚੋਣਾਂ ਵਿੱਚ ਅਪਰਾਧਿਕ ਪਿਛੋਕੜ ਵਾਲੇ ਮੈਂਬਰ ਪਾਰਲੀਮੈਂਟਾਂ ਦੀ ਗਿਣਤੀ ਵੱਧ ਕੇ 43 ਪ੍ਰਤੀਸ਼ਤ ਹੋ ਗਈ ਹੈ। ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਤਸਵੀਰ ਵੀ ਵੱਖਰੀ ਨਹੀਂ ਹੈ। ਸਾਰੀਆਂ ਸਿਆਸੀ ਪਾਰਟੀਆਂ ਵਿੱਚ ਅਪਰਾਧਿਕ ਪਿਛੋਕੜ ਵਾਲੇ ਲੀਡਰ ਦਾ ਬੋਲਬਾਲਾ ਹੈ, ਬਸ ਪ੍ਰਤੀਸ਼ਤਤਾ ਘੱਟ ਵੱਧ ਹੋ ਸਕਦੀ ਹੈ।

ਭਾਰਤ ਦੀ ਪਾਰਲੀਮੈਂਟ ਵਿੱਚ ਕੁੱਲ 542 ਮੈਂਬਰ ਚੁਣ ਕੇ ਆਏ ਸਨ, ਜਿਨ੍ਹਾਂ ਵਿੱਚ 233 ਭਾਵ 43% ਖਿਲਾਫ ਅਪਰਾਧਿਕ ਮਾਮਲੇ ਚੱਲ ਰਹੇ ਹਨ। ਇੱਥੇ ਹੀ ਬੱਸ ਨਹੀਂ! 233 ਵਿੱਚ 159 ਦੇ ਖਿਲਾਫ ਗੰਭੀਰ ਕਿਸਮ ਦੇ ਕੇਸ ਦਰਜ ਕੀਤੇ ਗਏ ਹਨ। ਅਪਰਾਧਿਕ ਬਿਰਤੀ ਵਾਲੇ ਲੀਡਰਾਂ ਦਾ ਕੇਰਲਾ ਅਤੇ ਬਿਹਾਰ ਵਿੱਚ ਜ਼ਿਆਦਾ ਬੋਲ-ਬਾਲਾ ਹੈ। ਰਾਗ ਸਭਾ ਦੀ ਅਗਵਾਈ ਵੀ ਅਪਰਾਧਿਕ ਪਿਛੋਕੜ ਵਾਲੇ 72 ਫੀਸਦੀ ਮੈਂਬਰ ਕਰਦੇ ਹਨ। ਹੋਰ ਤਾਂ ਹੋਰ, ਦੋ ਦੇ ਖਿਲਾਫ ਹੱਤਿਆ, ਚਾਰ ਦੇ ਖਿਲਾਫ ਇਰਾਦਾ ਕਤਲ ਅਤੇ ਇੱਕ ਦੇ ਖਿਲਾਫ ਬਲਾਤਕਾਰ ਦਾ ਕੇਸ ਚੱਲ ਰਿਹਾ ਹੈ।

ਹਰੇਕ ਪਾਰਟੀ ਦੇ ਅੰਦਰ ਝਾਤ ਮਾਰੀਏ ਤਾਂ ਰਾਜ ਸਭਾ ਲਈ ਭਾਜਪਾ ਦੇ ਚੁਣੇ ਗਏ ਮੈਂਬਰਾ ਵਿੱਚੋਂ 24 ਫੀਸਦੀ ਦਾ ਪਿਛੋਕੜ ਅਪਰਾਧਿਕ ਹੈ। ਕਾਂਗਰਸ ਦੇ ਅਪਰਾਧੀ ਪਿਛੋਕੜ ਵਾਲੇ 47 ਫ਼ੀਸਦੀ ਮੈਂਬਰ ਹਨ। ‘ਆਪ’ ਦੇ ਮੈਂਬਰ 30 ਫੀਸਦੀ ਦੱਸੇ ਗਏ ਹਨ। ਤ੍ਰਿਣਮੂਲ ਕਾਂਗਰਸ ਦੇ 23 ਫੀਸਦੀ, ਮਾਰਕਸਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ 80-80 ਫੀਸਦੀ ਮੈਂਬਰਾਂ ਦਾ ਪਿਛੋਕੜ ਅਪਰਾਧਿਕ ਹੈ। ਇਸੇ ਤਰ੍ਹਾਂ ਲੋਕ ਸਭਾ ਦੀ ਗੱਲ ਕਰੀਏ ਤਾਂ ਭਾਰਤੀ ਜਨਤਾ ਪਾਰਟੀ ਦੇ 39 ਫੀਸਦੀ ਅਤੇ ਕਾਂਗਰਸ ਦੇ 57 ਫ਼ੀਸਦੀ ਮੈਂਬਰ ਅਪਰਾਧਿਕ ਪਿਛੋਕੜ ਵਾਲੇ ਹਨ। ਆਮ ਆਦਮੀ ਪਾਰਟੀ ਦੇ 88 ਫੀਸਦੀ ਮੈਂਬਰਾਂ ਦਾ ਪਿਛੋਕੜ ਅਪਰਾਧੀ ਹੈ। ਤ੍ਰਿਣਮੂਲ ਕਾਂਗਰਸ ਦੇ 50 ਫ਼ੀਸਦੀ, ਮਾਰਕਸਵਾਦੀ ਪਾਰਟੀ ਦੇ 41 ਫ਼ੀਸਦੀ ਅਤੇ ਰਾਸ਼ਟਰੀ ਜਨਤਾ ਦਲ ਦੇ 67 ਫੀਸਦੀ ਮੈਂਬਰ ਅਪਰਾਧਿਕ ਪਿਛੋਕੜ ਵਾਲੇ ਦੱਸੇ ਗਏ ਹਨ। ਆਜ਼ਾਦ ਮੈਂਬਰਾਂ ਵਿੱਚੋਂ 58 ਫੀਸਦੀ ਦਾ ਪਿਛੋਕੜ ਅਪਰਾਧਿਕ ਹੈ। ਹੋਰ ਤਾਂ ਹੋਰ, 106 ਮੈਂਬਰ ਪਾਰਲੀਮੈਂਟ ਸੀ.ਬੀ.ਆਈ. ਜਾਂ ਈ.ਡੀ. ਦੀ ਕੁੜਿੱਕੀ ਫਸੇ ਹੋਏ ਹਨ।

ਦੇਸ਼ ਦੀ ਸੁਪਰੀਮ ਕੋਰਟ ਵਿੱਚ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ਦੇ ਸਰਕਾਰ ਵਿੱਚ ਦਾਖਲੇ ਦੇ ਖਿਲਾਫ ਦਾਇਰ ਇੱਕ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਅਜਿਹੇ ਲੀਡਰ, ਜਿਨ੍ਹਾਂ ਦੇ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਗਈ ਹੋਵੇ ਜਾਂ ਅਦਾਲਤ ਵਿੱਚ ਦੋਸ਼ ਆਇਦ ਕੀਤੇ ਗਏ ਹੋਣ, ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਅਦਾਲਤ ਦੀ ਸੁਣਵਾਈ ਦੌਰਾਨ ਭਾਰਤੀ ਚੋਣ ਕਮਿਸ਼ਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਰਕਾਰ ਵੱਲੋਂ ਕਾਨੂੰਨ ਬਣਾਏ ਜਾਣ ਤੱਕ ਕਿਸੇ ਨੂੰ ਵੀ ਚੋਣ ਲੜਨ ਤੋਂ ਰੋਕਿਆ ਨਹੀਂ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਪਟੀਸ਼ਨ ‘ਤੇ ਦਾਇਰ ਕੀਤੀ ਸੁਣਵਾਈ ਦੌਰਾਨ ਭਾਰਤੀ ਚੋਣ ਕਮਿਸ਼ਨ ਤੋਂ ਹਲਫ਼ੀਆ ਬਿਆਨ ਮੰਗ ਲਿਆ ਸੀ। ਸੁਪਰੀਮ ਕੋਰਟ ਦੇ ਇਸ ਮਹੱਤਵਪੂਰਨ ਫੈਸਲੇ ਤੋਂ ਬਾਅਦ ਗੇਂਦ ਸਰਕਾਰ ਦੇ ਵਿਹੜੇ ਵਿੱਚ ਆ ਡਿੱਗੀ ਸੀ। ਉਂਜ ਭਾਰਤੀ ਚੋਣ ਕਮਿਸ਼ਨ ਨੇ ਅਦਾਲਤ ਵਿੱਚ ਇਹ ਵੀ ਕਿਹਾ ਹੈ ਕਿ ਉਹ ਰਾਜਨੀਤੀ ਨੂੰ ਅਪਰਾਧ ਮੁਕਤ ਕਰਨ ਦੇ ਹੱਕ ਵਿੱਚ ਹਨ, ਪਰ ਨਾਲ ਹੀ ਇਹ ਵੀ ਕਹਿ ਦਿੱਤਾ ਹੈ ਕਿ ਅਪਰਾਧ ਨੂੰ ਰੋਕਣਾ ਉਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ ਹੈ। ਅਜਿਹਾ ਕਰਨ ਲਈ ਭਾਰਤ ਦੀ ਕੇਂਦਰ ਸਰਕਾਰ ਨੂੰ ਨਵਾਂ ਕਾਨੂੰਨ ਬਣਾਉਣਾ ਪਵੇਗਾ।

ਸਿਆਸਤ ਗਿਰਗਿਟ ਦੀ ਤਰ੍ਹਾਂ ਰੰਗ ਬਦਲਦੀ ਹੈ। ਸਿਆਸਤਦਾਨ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਸੌਦਾਗਰ ਬਣਨ ਲੱਗੇ ਹਨ। ਉਹ ਮੁਨਾਫ਼ੇ ਵਾਲੇ ਬੇੜੇ ਵਿੱਚ ਸਵਾਰ ਹੋ ਗਏ ਹਨ। ਲੋਕਤੰਤਰ ਵਿੱਚ ਹਰ ਵਿਅਕਤੀ ਆਜ਼ਾਦ ਹੈ। ਉਹ ਕਿਸੇ ਵੀ ਪਾਰਟੀ ਜਾਂ ਵਿਚਾਰਧਾਰਾ ਨੂੰ ਅਪਨਾ ਸਕਦਾ ਹੈ, ਪਰ ਨਿਜੀ ਸੁਆਰਥ ਲਈ ਜਨਤਕ ਹਿੱਤਾਂ ਨੂੰ ਢਾਲ ਨਹੀਂ ਬਣਾ ਸਕਦਾ ਹੈ। ਸਿਧਾਂਤਾਂ ਦੇ ਬਗੈਰ ਰਾਜਨੀਤੀ ਵੀ ਕਿਸੇ ਕੰਮ ਦੀ ਨਹੀਂ ਹੈ। ਰਾਜਨੀਤਿਕ ਬੁਰਾਈਆਂ ਨੂੰ ਦੂਰ ਕਰਨ ਲਈ ਜਨਤਾ ਦੀ ਭੂਮਿਕਾ ਮਹੱਤਵਪੂਰਨ ਹੈ। ਬਗੈਰ ਸੋਚੇ ਸਮਝੇ ਚੁਣੇ ਗਏ ਅਪਰਾਧੀ ਨਿਆਂ ਦੀ ਕੀਮਤ ਲੋਕਾਂ ਨੂੰ ਹੀ ਚੁਕਾਉਣੀ ਪੈਂਦੀ ਹੈ।

ਮੁਲਕ ਦੀ ਸਿਆਸਤ ਵਿੱਚੋਂ ਅਪਰਾਧੀਆਂ ਨੂੰ ਲਾਂਭੇ ਕਰਨ ਲਈ ਵੱਡੀ ਜ਼ਿੰਮੇਵਾਰੀ ਸਰਕਾਰ ਉੱਤੇ ਪਾਈ ਗਈ ਸੀ। ਸਿਆਸਤਦਾਨਾਂ ਵੱਲੋਂ ਅਦਾਲਤ ਦੇ ਹੁਕਮਾਂ ਉੱਤੇ ਕੰਨ ਨਾ ਧਰਨ ਤੋਂ ਬਾਅਦ ਨਿਆਂ ਪਾਲਕਾ ਨੇ ਸਿਆਸਤਦਾਨਾਂ ਦੀ ਸ਼ਾਮਤ ਲਿਆਉਣੀ ਸ਼ੁਰੂ ਕਰ ਦਿੱਤੀ। ਤਸੱਲੀ ਦੀ ਗੱਲ ਹੈ ਕਿ ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਸਰਕਾਰ ਵਿੱਚ ਅਪਰਾਧੀਆਂ ਦੇ ਦਾਖਲੇ ਨੂੰ ਲੈ ਕੇ ਚਿੰਤਤ ਨਜ਼ਰ ਆਉਣ ਲੱਗੀ ਹੈ। ਭਾਰਤੀ ਚੋਣ ਕਮਿਸ਼ਨ ਨੇ ਇੱਕ ਤਰ੍ਹਾਂ ਨਾਲ ਭਾਵੇਂ ਹੱਥ ਖੜ੍ਹੇ ਕਰ ਦਿੱਤੇ ਹਨ, ਪਰ ਕਿਤੇ ਨਾ ਕਿਤੇ ਰਾਜਨੀਤੀ ਨੂੰ ਅਪਰਾਧ ਤੋਂ ਦੂਰ ਰੱਖਣ ਦੀ ਇੱਛਾ ਜਰੂਰ ਜ਼ਾਹਿਰ ਕੀਤੀ ਹੈ। ਅਸਲ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਵੋਟਰਾਂ ਦੀ ਬਣਦੀ ਹੈ। ਜੇ ਉਹ ਅਪਰਾਧਿਕ ਬਿਰਤੀ ਵਾਲੇ ਲੀਡਰਾਂ ਨੂੰ ਰੱਦ ਕਰ ਦੇਣਾ ਤਾਂ ਉਹ ਸਿਆਸਤ ਵਿੱਚ ਆਉਣ ਦਾ ਸੁਪਨਾ ਦੇਖਣ ਤੋਂ ਹਟ ਜਾਣਗੇ। ਇੱਕ ਜਾਣਕਾਰੀ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਭਾਰਤ ਦੇ 65 ਫ਼ੀਸਦੀ ਵੋਟਰ ਉਮੀਦਵਾਰ ਨੂੰ ਨਹੀਂ, ਸਗੋਂ ਪਾਰਟੀ ਦੇ ਨਾਂ ‘ਤੇ ਵੋਟ ਪਾਉਂਦੇ ਹਨ। ਇਹ ਅਜਿਹੀ ਭੇੜ ਚਾਲ ਹੈ, ਜਿਸ ਕਰਕੇ ਭ੍ਰਿਸ਼ਟ, ਚੋਰ, ਕਾਤਲ ਅਤੇ ਬਲਾਤਕਾਰੀਆਂ ਸਮੇਤ ਅਗਵਾਕਾਰੀ ਲੀਡਰਾਂ ਦਾ ਸਰਕਾਰੀ ਕੁਰਸੀ ਉੱਤੇ ਦਾਅ ਲੱਗ ਜਾਂਦਾ ਰਿਹਾ ਹੈ। ਸੁਪਰੀਮ ਕੋਰਟ ਦਾ ਇਹ ਫੈਸਲਾ ਵੋਟਰਾਂ ਲਈ ਰਾਹ ਦਸੇਰਾ ਬਣ ਸਕਦਾ ਹੈ। ਜਦੋਂ ਤੱਕ ਵੋਟਰ ਦਾਗੀ ਨੇਤਾਵਾਂ ਨੂੰ ਰੱਦ ਕਰਨ ਦਾ ਹੀਆ ਨਹੀਂ ਕਰਦੇ, ਉਦੋਂ ਤੱਕ ਮੁਲਕ ਦੀ ਸਿਆਸਤ ਚਿੱਕੜ ਵਿੱਚੋਂ ਬਾਹਰ ਨਹੀਂ ਨਿਕਲ ਸਕੇਗੀ। ਪਰਮਾਤਮਾ ਸਭ ਨੂੰ ਸਮੱਤ ਬਖਸ਼ੇ ਕਿ ਅਸੀਂ ਖਰੇ ਖੋਟੇ ਦੀ ਪਰਖ ਕਰਨ ਦਾ ਦਮ ਭਰਨ ਵਿੱਚ ਫਖਰ ਮਹਿਸੂਸ ਕਰੀਏ।



# ਸਿੱਖ ਮੋਟਰਸਾਈਕਲ ਕਲੱਬ ਸ਼ਿਕਾਗੋ

# ਗੁਰੂ ਨਾਨਕ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ



ਸਿੱਖ ਮੋਟਰਸਾਈਕਲ ਕਲੱਬ ਸ਼ਿਕਾਗੋ ਦੇ ਸਵਾਰ ਸ਼ਿਕਾਗੋ ਡਾਊਨ ਟਾਊਨ ਵਿਖੇ ਪਾਰਲੀਮੈਂਟ ਆਫ ਦਾ ਵਰਲਡ'ਜ਼ ਰਿਲੀਜਨਜ਼ ਦੇ ਨਗਰ ਕੀਰਤਨ ਦੌਰਾਨ



(ਖੱਬਿਓਂ) ਸੋਨੀ ਜੱਜ, ਅਮਨ ਸਿੰਘ, ਜਸਮੀਤ ਸਿੰਘ, ਨਵਜੋਤ ਸਿੰਘ, ਮਨਜੀਤ ਸਿੰਘ, ਦਲਜੀਤ ਸਿੰਘ, ਸਿਮਰਨ ਸਿੰਘ ਤੇ ਮਨਮੋਹਨ ਭੱਠਲ




ਜਸਮੀਤ ਸਿੰਘ



ਅਮਰੀਕਪਾਲ ਸਿੰਘ




ਸੋਨੀ ਜੱਜ



ਮਨਮੋਹਨ ਭੱਠਲ



ਬੱਬੂ




ਸੰਜੀਤ ਪਰਮਾਰ



ਪਰਵਿੰਦਰ ਸਿੰਘ ਤੇ ਹਰਮੀਤ ਸਿੰਘ



ਹਰਸ਼ਦੀਪ ਸਿੰਘ



ਇੰਦਰਜੀਤ ਗੰਭੀਰ



ਜਸਪਾਲ ਸਿੰਘ ਖਹਿਰਾ



ਜਰਨੈਲ ਸਿੰਘ



ਨਵਜੋਤ ਸਿੰਘ



ਮਨਜੀਤ ਸਿੰਘ

## Sikh Motorcycle Club Chicago


## 'ਪੰਜਾਬੀ ਪਰਵਾਜ਼' ਦੀ ਟੀਮ ਵੱਲੋਂ

# ਕੁੱਲ ਲੋਕਾਈ ਨੂੰ ਜਗਤ ਜਲੰਦੇ ਦੇ ਤਾਰਣਹਾਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

**ਗੁਰੂ ਨਾਨਕ ਸਾਹਿਬ ਦਾ ਮਿਹਰ ਭਰਿਆ ਹੱਥ ਸਭਨਾਂ ਦੇ ਸਿਰ ਉਤੇ ਬਣਿਆ ਰਹੇ**

**ਸਤਿਕਾਰਯੋਗ ਬੋਰਡ ਮੈਂਬਰ**


ਬਲਵਿੰਦਰ ਸਿੰਘ (ਬੌਬ) ਸੰਧੂ


ਮਨਜਿੰਦਰ ਸਿੰਘ (ਮੈਕ) ਭਮਰਾ


ਗੁਰਿੰਦਰਜੀਤ ਸਿੰਘ ਗਰੇਵਾਲ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਸੰਨੀ ਧੂੜ ਮਿਸ਼ੀਗਨ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਦੀਦਾਰ ਸਿੰਘ ਧਨੋਆ



ਅਮਰਜੀਤ ਸਿੰਘ ਢੀਂਡਸਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਬਿਕਰਮ ਸਿੰਘ ਸਿੱਧੂ


ਦਰਸ਼ਨ ਸਿੰਘ ਪੰਮਾ


ਬਲਵਿੰਦਰ ਸਿੰਘ ਚੱਠਾ


ਹਰਕੇਵਲ ਲਾਲੀ



ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਅਜੈਬ ਸਿੰਘ ਲੱਖਣ


ਅਮਨਦੀਪ ਸਿੰਘ ਕੁਲਾਰ


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਜਿਗਰਦੀਪ ਸਿੰਘ ਢਿੱਲੋਂ


ਹਰਮੀਕ ਸਿੰਘ ਗਿਰਨ

Punjabi Parwaz
**ਪੰਜਾਬੀ ਪਰਵਾਜ਼**
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

"ਪੰਜਾਬੀ ਪਰਵਾਜ਼" ਕਿਸੇ ਸਰਕਾਰੀ ਜਾਂ ਗੈਰ-ਸਰਕਾਰੀ ਧਿਰ, ਕਿਸੇ ਧਾਰਮਿਕ ਸੰਪਰਦਾਇ ਜਾਂ ਕਿਸੇ ਸੰਸਥਾ ਵਿਸ਼ੇਸ਼ ਨਾਲ ਨਹੀਂ ਜੁੜਿਆ ਹੋਇਆ। ਇਹ ਮੂਲ ਤੌਰ 'ਤੇ ਆਜ਼ਾਦ, ਪਰ ਭਾਈਚਾਰਕ ਸਹਿਯੋਗ ਨਾਲ ਮੀਡੀਆ ਖੇਤਰ ਵਿੱਚ ਵਿਚਰ ਰਿਹਾ ਹੈ। ਭਾਈਚਾਰੇ ਵੱਲੋਂ ਮਿਲ ਰਹੇ ਹੁੰਗਾਰੇ ਲਈ ਬਹੁਤ ਬਹੁਤ ਧੰਨਵਾਦ!

punjabiparwaz@gmail.com www.punjabiparwaz.com Ph: 224-386-4548

# ਅੱਜ ਵੀ ਬਾਬਾ ਨਾਨਕ ਖੇਤੀ ਕਰਦਾ ਹੈ !

## ਬਾਬਾ ਨਾਨਕ ਅਤੇ ਰਾਇ ਬੁਲਾਰ ਖ਼ਾਨ ਸਾਹਿਬ

ਗੁਰਜੰਟ ਕਲਸੀ

**ਰਾਏ ਬੁਲਾਰ ਦੇ ਵਾਰਿਸਾਂ ਨੇ ਜਮੀਨ ਦੇ ਲਾਲਚ ਵਿੱਚ ਅਦਾਲਤ ਵਿੱਚ ਮੁਕੱਦਮਾ ਕਰ ਦਿੱਤਾ ਕਿ ਸਾਡੇ ਬਜ਼ੁਰਗ ਰਾਏ ਬੁਲਾਰ ਦਾ ਦਿਮਾਗ ਉਦੋਂ ਸਹੀ ਨਹੀਂ ਸੀ, ਜਦ ਉਸਨੇ ਆਪਣੀ ਅੱਧੀ ਜਮੀਨ ਗੁਰੂ ਨਾਨਕ ਸਾਹਿਬ ਦੇ ਨਾਂ ਲਵਾਈ ਸੀ ਤੇ ਹੁਣ ਉਹ ਪੈਲੀ ਸਾਨੂੰ ਮਿਲਣੀ ਚਾਹੀਦੀ ਹੈ-ਇਸ ਮਗਰੋਂ ਜੋ ਕੁਝ ਹੋਇਆ, ਉਹ ਜਾਨਣ ਲਈ ਇਹ ਲੇਖ ਪੜ੍ਹੋ। ਕਮਾਲ-ਕਮਾਲ-ਵਿਸਮਾਦ !**

ਰਾਇ ਬੁਲਾਰ ਖ਼ਾਨ ਸਾਹਿਬ ਨਾਲ ਗੁਰੂ ਨਾਨਕ ਦੇਵ ਜੀ ਦੀ ਇੱਕ ਸਾਂਝ ਦਾ ਜ਼ਿਕਰ ਸਾਡੀਆਂ ਸਾਖੀਆਂ ਵਿੱਚ ਨਹੀਂ ਆਉਂਦਾ। ਵੱਡੀ ਘਟਨਾ ਵਾਪਰੀ, ਪਰ ਸਾਖੀਆਂ ਵਿੱਚ ਦਰਜ ਨਹੀਂ ਕੀਤੀ ਗਈ। ਇਹ ਸਾਖੀ ਮੈਨੂੰ ਗੁਰੂ ਨਾਨਕ ਗੌਰਮਿੰਟ ਡਿਗਰੀ ਕਾਲਜ ਨਨਕਾਣਾ ਸਾਹਿਬ ਦੇ ਠੇਕੇਦਾਰ ਨੇ ਸੁਣਾਈ।

ਹੋਇਆ ਇੰਜ ਕਿ 10 ਅਪਰੈਲ 1993 ਨੂੰ ਨਨਕਾਣਾ ਸਾਹਿਬ ਮੱਥਾ ਟੇਕਿਆ, ਕੀਰਤਨ ਸੁਣਿਆ ਤੇ ਲੰਗਰ ਛਕਿਆ। ਸੋਚਿਆ ਕਿ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਮਿਲਾਂ, ਗੱਲਾਂ ਕਰਾਂ। ਕਾਲਜ ਤਾਂ ਹੋਣਾ ਨਹੀਂ ਇੱਥੇ, ਸਕੂਲ ਹੋਏਗਾ। ਕਿਸੇ ਮਾਸਟਰ ਨੂੰ ਮਿਲੀਏ। ਪੁਲੀਸ ਅਫ਼ਸਰ ਨੂੰ ਦੱਸਿਆ ਕਿ ਮੈਂ ਪ੍ਰੋਫੈਸਰ ਹਾਂ। ਕਿਸੇ ਪ੍ਰੋਫ਼ੈਸਰ ਜਾਂ ਮਾਸਟਰ ਨੂੰ ਮਿਲਣਾ ਚਾਹੁੰਦਾ ਹਾਂ। ਡੀ.ਐੱਸ.ਪੀ. ਨੇ ਦੱਸਿਆ, "ਅਹਿ ਇੱਧਰ ਦੋ ਕੁ ਫਰਲਾਂਗ 'ਤੇ ਕਾਲਜ ਹੈ, ਚਲੇ ਜਾਓ।" ਤੁਰਦਾ ਗਿਆ। ਅੱਗੇ ਗੇਟ ਆ ਗਿਆ। ਅੰਗਰੇਜ਼ੀ ਅਤੇ ਉਰਦੂ ਅੱਖਰਾਂ ਵਿੱਚ ਲਿਖਿਆ ਹੋਇਆ ਸੀ- ਗੁਰੂ ਨਾਨਕ ਗੌਰਮਿੰਟ ਡਿਗਰੀ ਕਾਲਜ ਨਨਕਾਣਾ ਸਾਹਿਬ। ਅੰਦਰ ਲੰਘਿਆ, ਕੋਈ ਦਿਸਿਆ ਨਹੀਂ। ਚੌਕੀਦਾਰ ਨੇ ਸਲਾਮਾਲੇਕਮ ਆਖਿਆ ਤੇ ਕਿਹਾ, "ਜੀ ਖਿਦਮਤ?"

ਮੈਂ ਕਿਹਾ, "ਕੋਈ ਪ੍ਰੋਫ਼ੈਸਰ ਹੈ?" ਉਸ ਨੇ ਕਿਹਾ, "ਹਨ, ਇਮਤਿਹਾਨ ਹੋ ਰਹੇ ਹਨ। ਡਿਊਟੀਆਂ 'ਤੇ ਹਨ। ਕੰਮ ਹੈ ਤਾਂ ਜਿਸ ਨੂੰ ਕਹੋ ਬੁਲਾ ਲਿਆਉਂਦਾ ਹਾਂ।" ਮੈਂ ਕਿਹਾ, "ਕੰਮ ਤਾਂ ਕੋਈ ਨਹੀਂ। ਘੰਟੇ ਨੂੰ ਬਾਅਦ ਫੇਰ ਆ ਜਾਵਾਂਗਾ ਪੰਜ ਵਜੇ।" ਵਾਪਸ ਤੁਰ ਪਿਆ। ਸਾਢੇ ਛੇ ਫੁੱਟ ਲੰਮਾ 65-70 ਸਾਲ ਦਾ ਬਜ਼ੁਰਗ ਸਲਵਾਰ ਕਮੀਜ਼ ਦਸਤਾਰ ਪਹਿਨੀ ਮੇਰੇ ਵੱਲ ਤੇਜ਼ੀ ਨਾਲ ਆਇਆ, "ਸਰਦਾਰ ਜੀ ਸਤਿ ਸ੍ਰੀ ਅਕਾਲ। ਪਰਤ ਕਿਉਂ ਚਲੇ? ਮੈਂ ਤੁਹਾਨੂੰ ਦੇਖਿਆ ਤਾਂ ਲੇਬਰ ਨੂੰ ਛੁੱਟੀ ਦੇ ਦਿੱਤੀ। ਮੈਂ ਠੇਕੇਦਾਰ ਹਾਂ। ਮੁੰਡਿਆਂ ਲਈ ਹੋਸਟਲ ਬਣਾ ਰਿਹਾ ਹਾਂ। ਆਓ ਇੱਧਰ ਬੈਠੀਏ। ਗੱਲਾਂ ਕਰਾਂਗੇ।"

ਦੋ-ਤਿੰਨ ਕੁਰਸੀਆਂ ਮੰਗਵਾ ਲਈਆਂ। ਕੋਈ ਮਜ਼ਦੂਰ ਛੁੱਟੀ ਕਰਕੇ ਘਰ ਨਹੀਂ ਗਿਆ, ਸਾਰੇ ਸਾਡੇ ਇਰਦ-ਗਿਰਦ ਜ਼ਮੀਨ ਉਪਰ ਬੈਠ ਗਏ। ਗੱਲਾਂ ਦੌਰਾਨ ਮੈਂ ਪੁੱਛਿਆ, "ਗੁਰਦੁਆਰਾ ਸਾਹਿਬ ਦੇ ਨਾਮ ਕਿੰਨੀ ਜ਼ਮੀਨ ਹੈ ਇੱਥੇ?" ਉਸ ਨੇ ਕਿਹਾ, "ਜੀ ਕਿਉਂ ਪੁੱਛੀ ਇਹ ਗੱਲ? ਰਹਿਣ-ਸਹਿਣ ਖਾਣ-ਪੀਣ ਵਿੱਚ ਕੋਈ ਦਿੱਕਤ ਆਈ?" ਮੈਂ ਕਿਹਾ, "ਨਹੀਂ। ਕੋਈ ਕਮੀ ਨਹੀਂ ਰਹੀ। ਇਹ ਮੇਰੇ ਬਾਬੇ ਦਾ ਜਨਮ ਸਥਾਨ ਹੈ ਨਾ। ਇਸ ਵਾਸਤੇ ਕੀ ਮੇਰਾ ਫ਼ਿਕਰਮੰਦ ਹੋਣ ਦਾ ਹੱਕ ਨਹੀਂ?" ਉਸ ਨੇ ਕਿਹਾ, "ਬਿਲਕੁਲ ਨਹੀਂ। ਫ਼ਿਕਰ ਕਰਨ ਦਾ ਹੱਕ ਵੱਡਿਆਂ ਦਾ ਹੈ। ਸਾਡਾ ਤੁਹਾਡਾ ਹੱਕ ਬੰਦਗੀ ਕਰਨ ਦਾ ਹੈ। ਹਜ਼ਰਤ ਬਾਬਾ ਨਾਨਕ ਅਲਹਿ ਸਲਾਮ ਸਾਡਾ ਫ਼ਿਕਰ ਕਰਦਾ ਹੈ।"

ਮੈਂ ਕਿਹਾ, "ਦਰੁਸਤ। ਅੱਛਾ ਇਹ ਦੱਸੋ ਕਿ ਜਾਣਨ ਦਾ ਹੱਕ ਤਾਂ ਹੈ?" ਉਸ ਨੇ ਕਿਹਾ, "ਹਾਂ, ਜਾਣਨ ਦਾ ਹੱਕ ਹੈ। ਸਾਢੇ ਸੱਤ ਸੌ ਮੁਰੱਬਾ ਜ਼ਮੀਨ ਗੁਰਦੁਆਰੇ ਦੇ ਨਾਮ ਹੈ।" ਫਿਰ ਪੁੱਛਿਆ, "ਕੀ ਮਹਾਰਾਜਾ ਰਣਜੀਤ ਸਿੰਘ ਨੇ ਲੁਆਈ ਸੀ ਇਹ ਜ਼ਮੀਨ?" ਠੇਕੇਦਾਰ ਨੇ ਕਿਹਾ, "ਬਿਲਕੁਲ ਨਹੀਂ। ਇੰਨੀ ਜ਼ਮੀਨ ਕਿਸੇ ਗੁਰਦੁਆਰੇ ਦੇ ਨਾਮ ਮਹਾਰਾਜੇ ਨੇ ਨਹੀਂ ਲੁਆਈ। ਇਹ ਸਾਡੇ ਭੱਟੀਆਂ ਦੇ ਸਰਦਾਰ ਨੇ ਲੁਆਈ ਸੀ।"

ਮੈਂ ਫਿਰ ਪੁੱਛਿਆ, "ਭੱਟੀਆਂ ਦਾ ਸਰਦਾਰ ਕੌਣ?" ਉਸ ਨੇ ਕਿਹਾ, "ਭੱਟੀਆਂ ਦੇ ਸਰਦਾਰ ਨੂੰ ਨਹੀਂ ਜਾਣਦੇ? ਇੱਥੇ ਪੰਜਾਹ ਪਿੰਡਾਂ 'ਚ ਬੱਚੇ-ਬੱਚੇ ਨੂੰ ਉਸ ਦਾ ਤੇ ਬਾਬੇ ਦੇ ਨਾਮ ਦਾ ਪਤਾ ਹੈ। ਉਸ ਦਾ ਨਾਮ ਸੀ ਰਾਇ ਬੁਲਾਰ ਖ਼ਾਨ ਸਾਹਿਬ। ਇੱਥੇ ਬੜੇ ਪਿੰਡ ਹਨ ਜੀ ਭੱਟੀਆਂ ਦੇ। ਤੁਸਾਂ ਨਹੀਂ ਸਰਦਾਰ ਦਾ ਨਾਮ ਸੁਣਿਆ?" ਮੈਂ ਕਿਹਾ, "ਇਸ ਸਰਦਾਰ ਦਾ ਨਾਮ ਤਾਂ ਸਾਡੇ ਕਣ-ਕਣ ਵਿੱਚ ਰਸਿਆ ਹੋਇਆ ਹੈ ਭਰਾ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਰਾਇ ਸਾਹਿਬ ਭੱਟੀ ਸਨ।" ਠੇਕੇਦਾਰ ਨੇ ਕਿਹਾ, "ਜੀ ਅਸੀਂ ਭੱਟੀ, ਆਮ ਨਹੀਂ ਹਾਂ। ਮੈਂ ਵੀ ਭੱਟੀ ਹਾਂ। ਸਾਰਿਆਂ ਜਹਾਨਾਂ ਦੇ ਮਾਲਕ ਗੁਰੂ ਬਾਬੇ ਨੂੰ ਸਭ ਤੋਂ ਪਹਿਲਾਂ ਸਾਡੇ ਸਰਦਾਰ ਨੇ ਪਛਾਣਿਆ ਸੀ। ਇੱਕ ਕੋਹਿਨੂਰ ਦੀ ਸ਼ਨਾਖਤ ਕਰ ਲਈ ਸੀ...! ਭੱਟੀ ਸਰਦਾਰ ਨੇ ਉਦੋਂ ਹੀ, ਜਦੋਂ ਉਹ ਬਚਪਨ ਵਿੱਚ ਸੀ।

ਹੁਣ ਸੁਣੋ ਜ਼ਮੀਨ ਦੇਣ ਦੀ ਗੱਲ। ਰਾਇ ਬੁਲਾਰ ਖ਼ਾਨ ਪੰਦਰਾਂ ਸੌ ਮੁਰੱਬਿਆਂ ਦਾ ਤਕੜਾ ਰਈਸ ਅਤੇ ਖ਼ੁਦਦਾਰ ਇਨਸਾਨ ਸੀ, ਪਰ ਸੀ ਨੇਕੀ ਦਾ ਮੁਜੱਸਮਾ। ਬਾਬਾ ਜੀ ਦਾ ਕਦਰਦਾਨ ਸੀ ਪੂਰਾ। ਉਸ ਦੀ ਉਮਰ ਚਾਲੀਆਂ ਤੋਂ ਟੱਪ ਚੱਲੀ, ਪਰ ਔਲਾਦ ਨਹੀਂ ਸੀ। ਘੋੜੇ 'ਤੇ ਸਵਾਰ ਹੋ ਕੇ ਮੁਰੱਬਿਆਂ ਦਾ ਦੌਰਾ ਕਰਨ ਗਿਆ। ਗੁਰੂ ਬਾਬੇ ਦੀ ਉਮਰ 12-13 ਸਾਲ ਸੀ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਸਾਹਿਬ ਘੋੜੇ ਤੋਂ ਉਤਰੇ। ਜੋੜੇ ਉਤਾਰੇ। ਬਾਬਾ ਜੀ ਦੇ ਨਜ਼ਦੀਕ ਹੱਥ ਜੋੜ ਕੇ ਖਲੋ ਗਏ ਤੇ ਕਿਹਾ- ਬਾਬਾ ਮੇਰੀ ਮੁਰਾਦ ਪੂਰੀ ਕਰ।

ਬਾਬਾ ਜੀ ਨੇ ਅਸੀਸਾਂ ਦਿੱਤੀਆਂ ਅਤੇ ਕਿਹਾ- ਰਾਇ ਤੁਸਾਂ ਦੀ ਮੁਰਾਦ ਪੂਰੀ ਹੋਈ, ਸ਼ੱਕ ਨਾ ਕਰਨਾ।

ਸਾਲ ਬਾਅਦ ਰਾਇ ਸਾਹਿਬ ਦੇ ਘਰ ਬੇਟੇ ਦਾ ਜਨਮ ਹੋਇਆ। ਸਰਦਾਰ ਏਨਾ ਖ਼ੁਸ਼ ਕਿ ਬੜੀ ਵੱਡੀ ਦਾਅਵਤ ਦਿੱਤੀ। ਜੀ ਨਵਾਬ ਦੌਲਤ ਖ਼ਾਨ ਸਾਹਿਬ ਖ਼ੁਦ ਆਏ ਸਨ ਇਸ ਜਸ਼ਨ ਵਿੱਚ ਸ਼ਿਰਕਤ ਕਰਨ। ਪਿੰਡਾਂ ਦੇ ਪਿੰਡ ਆਣ ਉਤਰੇ ਸਨ। ਇਸ ਭਾਰੀ ਇਕੱਠ ਵਿੱਚ ਸ਼ੁਕਰਾਨਾ ਕਰਨ ਪਿੱਛੋਂ ਰਾਇ ਸਾਹਿਬ ਨੇ ਆਪਣੀ ਅੱਧੀ ਜ਼ਮੀਨ ਹਜ਼ਰਤ ਬਾਬਾ ਨਾਨਕ ਦੇ ਨਾਮ ਇੰਤਕਾਲ ਤਬਦੀਲ ਕਰ ਦੇਣ ਦਾ ਐਲਾਨ ਕੀਤਾ। ਸੋ ਉਦੋਂ ਸਾਢੇ ਸੱਤ ਸੌ ਮੁਰੱਬੇ ਬਾਬਾ ਜੀ ਦੇ ਨਾਮ ਹੋਏ, ਜੋ ਹੁਣ ਤਕ ਤੁਰੇ ਆਂਵਦੇ ਹਨ। ਸਾਡੇ ਖਿਆਲ ਵਿੱਚ ਇਹ ਗੱਲ ਆਈ ਪਈ ਮਾਲਕ ਅਸੀਂ, ਕਾਬਜ਼ ਅਸੀਂ, ਕਾਸ਼ਤਕਾਰ ਅਸੀਂ ਪਰ ਨਾਮ ਸਾਡਾ ਮਾਲ ਰਿਕਾਰਡ ਵਿੱਚ ਬੋਲਦਾ ਨਹੀਂ। ਅਸੀਂ ਇਸ ਜ਼ਮੀਨ 'ਤੇ ਕਬਜ਼ੇ ਪੁਸ਼ਤਾਂ ਤੋਂ ਕੀਤੇ ਹੋਏ ਹਨ। ਸੌ ਕੁ ਕਿੱਲੇ ਜ਼ਮੀਨ ਬਚੀ ਹੋਈ ਹੈ ਗੁਰਦਵਾਰੇ ਦੇ ਕਬਜ਼ੇ ਵਿੱਚ। ਬਾਕੀ ਦੀ ਭੱਟੀ ਵਾਹੁੰਦੇ ਬੀਜਦੇ ਹਨ।

ਅਸੀਂ ਸ਼ੇਖਪੁਰੇ ਅਦਾਲਤ ਵਿੱਚ ਮੁਕੱਦਮਾ ਦਾਇਰ ਕਰ ਦਿੱਤਾ ਕਿ ਪਿਛਲੀ ਉਮਰੇ ਸਾਡੇ ਬਜ਼ੁਰਗਾਂ ਦੇ ਬਜ਼ੁਰਗ ਰਾਇ ਬੁਲਾਰ ਸਾਹਿਬ ਦਾ ਦਿਮਾਗ਼ ਹਿੱਲ ਗਿਆ ਸੀ। ਉਸ ਨੇ ਅੱਧੀ ਜ਼ਮੀਨ ਇੱਕ ਫ਼ਕੀਰ ਨਾਨਕ ਦੇ ਨਾਮ ਕਰਵਾ ਦਿੱਤੀ, ਪਰ ਉਸ ਦੇ ਹੱਕਦਾਰ ਅਸੀਂ ਹਾਂ। ਕਾਬਜ਼ ਕਾਸ਼ਤਕਾਰ ਵੀ ਖ਼ੁਦ ਹਾਂ। ਸਾਡੇ ਨਾਮ ਇੰਤਕਾਲ ਤਬਦੀਲ ਹੋਵੇ। ਲਉ ਜੀ ਤਲਬੀਆਂ, ਇਤਲਾਹਾਂ, ਰਿਕਾਰਡ, ਬਹਿਸਾਂ ਸਭ ਹੋ ਗਈਆਂ। ਚਾਰ ਸਾਲ ਮੁਕੱਦਮੇ ਦੀ ਕਾਰਵਾਈ ਚੱਲੀ। ਫ਼ੈਸਲੇ ਦੀ ਤਰੀਕ ਆਈ ਤਾਂ ਫ਼ੈਸਲਾ ਸਾਡੇ ਖ਼ਿਲਾਫ਼। ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਸੀਂ ਲਾਹੌਰ ਹਾਈਕੋਰਟ ਵਿੱਚ ਅਪੀਲ ਦਾਇਰ ਕਰ ਦਿੱਤੀ। ਤਿੰਨ ਚਾਰ ਸਾਲ ਉਥੇ ਸੁਣਵਾਈ ਹੁੰਦੀ ਰਹੀ। ਜੱਜਮੈਂਟ ਹੋਈ, ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਪੀਲ ਖਾਰਜ ਦਾਖ਼ਲ ਦਫ਼ਤਰ।

ਅਸੀਂ ਜੀ ਸੁਪਰੀਮ ਕੋਰਟ ਇਸਲਾਮਾਬਾਦ ਅਪੀਲ ਦਾਇਰ ਕੀਤੀ। ਤਿੰਨ ਸਾਲ ਸੁਣਵਾਈ ਹੋਈ। ਅਖ਼ੀਰ ਜਦੋਂ ਫ਼ੈਸਲਾ ਸੁਣਾਉਣ ਦਾ ਵਕਤ ਆਇਆ ਤਾਂ ਬੈਂਚ ਨੇ ਕਿਹਾ- ਆਪਣੇ ਪੰਜ ਚਾਰ ਮੁਹਤਬਰ ਬੰਦੇ ਲੈ ਕੇ ਆਉਣਾ। ਵਕੀਲਾਂ ਨੂੰ ਨਹੀਂ ਲਿਆਉਣਾ। ਕੋਈ ਜ਼ਰੂਰੀ ਗੱਲ ਕਰਨੀ ਹੈ। ਅਸੀਂ ਪੁੱਛਿਆ, ਜੀ ਕੀ ਗੱਲ ਕਰਨੀ ਹੈ, ਰਤਾ ਦੱਸੋ ਤਾਂ ਕਿ ਤਿਆਰੀ ਕਰਕੇ ਆਈਏ। ਆਪਸ ਵਿੱਚ ਸਲਾਹ ਜੋ ਕਰਨੀ ਹੋਈ। ਸਾਂਝਾ ਕੰਮ ਹੈ। ਜੱਜਾਂ ਨੇ ਕਿਹਾ, ਤੁਸੀਂ ਇਹ ਮੁਕੱਦਮਾ ਕਰਕੇ ਚੰਗਾ ਕੰਮ ਨਹੀਂ ਕੀਤਾ। ਇਹ ਦੱਸਣਾ ਹੈ। ਮਹੀਨਾ ਤਾਰੀਕ ਪਾ ਦਿੱਤੀ।

ਪਿੰਡਾਂ ਦੇ ਆਪਣੇ-ਆਪਣੇ ਇਕੱਠ ਹੋਏ। ਫਿਰ ਸਾਂਝੇ ਇਕੱਠ ਹੋਏ। ਅੱਠ ਬੰਦੇ ਚੁਣੇ ਗਏ, ਜਿਹੜੇ ਬੈਂਚ ਨਾਲ ਗੱਲ ਕਰਨ ਅਦਾਲਤ ਜਾਣਗੇ। ਤਰੀਕ ਆ ਗਈ। ਸੈਂਕੜੇ ਬੰਦੇ ਅਦਾਲਤ ਦੇ ਬਾਹਰ ਪੁੱਜ ਗਏ। ਸਾਡੀ ਵਾਰੀ ਆਈ ਤਾਂ ਅੰਦਰ ਦਾਖਲ ਹੋਏ। ਇੱਕ ਮੈਂ ਵੀ ਸਾਂ। ਜੱਜਾਂ ਨੇ ਇੱਕ ਘੰਟੇ ਲਈ ਅਦਾਲਤ ਮੁਲਤਵੀ ਕਰ ਦਿੱਤੀ। ਸਾਨੂੰ ਪਿਛਲੇ ਕਮਰੇ ਵਿੱਚ ਲੈ ਗਏ। ਚਾਹ ਪਾਣੀ ਮੰਗਵਾ ਲਿਆ। ਫਿਰ ਗੱਲ ਤੋਰੀ। ਜੱਜ ਸਾਹਿਬਾਨ ਨੇ ਕਿਹਾ, ਅਸੀਂ ਬੜੀ ਬਾਰੀਕੀ ਨਾਲ ਕੇਸ ਦੇਖਿਆ ਹੈ। ਤੁਸੀਂ ਗਲਤ ਕੰਮ ਛੇੜ ਬੈਠੇ। ਜਿਨ੍ਹਾਂ ਫ਼ਕੀਰਾਂ ਉਪਰ ਮੁਕੱਦਮੇ ਦਾਇਰ ਕੀਤੇ, ਉਨ੍ਹਾਂ ਤੋਂ ਮੁਰਾਦਾਂ ਮੰਗਦੇ ਤਾਂ ਠੀਕ ਸੀ। ਉਹ ਨੇਕਬਖ਼ਤ ਇਨਸਾਨ ਜਿਨ੍ਹਾਂ ਦੀ ਬਦੌਲਤ ਤੁਸੀਂ ਦੁਨੀਆਂ ਦੀ ਰੋਸ਼ਨੀ ਦੇਖੀ, ਤੁਸੀਂ ਉਨ੍ਹਾਂ ਉਪਰ ਮੁਕੱਦਮੇ ਕੀਤੇ, ਦਿਮਾਗ਼ ਹੱਲ ਜਾਣ ਵਰਗੇ ਬਦ ਇਲਜ਼ਾਮ ਲਾਏ। ਸਰਦਾਰ ਰਾਇ ਬੁਲਾਰ ਖ਼ਾਨ ਸਾਹਿਬ ਦਾ ਦਿਮਾਗ਼ ਅੱਧਾ ਤਾਂ ਕਾਇਮ ਰਿਹਾ ਜੋ ਅੱਧੀ ਜ਼ਮੀਨ ਬਚਾ ਲਈ। ਜਿਸ ਫ਼ਕੀਰ ਦੇ ਨਾਮ ਅੱਧੀ ਜ਼ਮੀਨ ਦਾ ਇੰਤਕਾਲ ਕਰਵਾਇਆ, ਉਸ ਨੇ ਕਦੇ ਇਸ ਜ਼ਮੀਨ ਵੱਲ ਦੇਖਿਆ ਭੀ ਨਹੀਂ। ਉਸ ਦੀ ਔਲਾਦ ਨੇ ਇਸ ਉਪਰ ਹੱਕ ਨਹੀਂ ਜਮਾਇਆ। ਸਿੱਖਾਂ ਨੇ ਕਦੀ ਨਾ ਇਹ ਜ਼ਮੀਨ ਰੋਕੀ, ਨਾ ਦਾਅਵੇ ਅਦਾਲਤਾਂ ਵਿੱਚ ਕੀਤੇ। ਤੁਸੀਂ ਇਸ ਉਪਰ ਪੁਸ਼ਤਾਂ ਤੋਂ ਕਬਜ਼ੇ ਕੀਤੇ ਹੋਏ ਹਨ, ਹੁਣ ਅਦਾਲਤਾਂ ਵਿੱਚ ਦਾਅਵੇ ਕੀਤੇ। ਦਸ ਬਾਰਾਂ ਸਾਲਾਂ ਤੋਂ ਤੁਸੀਂ ਵੱਡਿਆਂ ਦੀ ਬੇਅਦਬੀ ਕਰਦੇ ਆਏ ਹੋ, ਕਿਸੇ ਨੇ ਅਕਲ ਨਹੀਂ ਦਿੱਤੀ ਕਿ ਗੁਨਾਹ ਨਾ ਕਰੋ? ਜ਼ਮੀਨ ਤੋਂ ਵਧੀਕ ਉਹ ਤੁਹਾਨੂੰ ਪਿਆਰ ਕਰਦੇ ਸਨ। ਤੁਸੀਂ ਉਨ੍ਹਾਂ ਦਰਵੇਸ਼ਾਂ ਨੂੰ ਨਫ਼ਰਤ ਕਰਦੇ ਹੋ ਤੇ ਜ਼ਮੀਨ ਨਾਲ ਪਿਆਰ ਪਾ ਲਿਆ। ਤੁਹਾਡੇ ਕੋਲ ਹੀ ਰਹੇਗੀ ਜ਼ਮੀਨ। ਮੁਕੱਦਮਾ ਨਾ ਕਰਦੇ ਤਾਂ ਠੀਕ ਹੁੰਦਾ।

ਅਸੀਂ ਕਿਹਾ, ਜੀ ਜ਼ਮੀਨ ਸਾਡੇ ਈ ਕਬਜ਼ੇ ਵਿੱਚ ਹੈ, ਪਰ ਰਿਕਾਰਡ ਮਾਲ ਵਿੱਚ ਸਾਡਾ ਨਾਮ ਨਹੀਂ। ਜੱਜਾਂ ਨੇ ਕਿਹਾ, ਨਾਮ ਨਹੀਂ ਰਹੇਗਾ। ਨਾ ਤੁਹਾਡਾ, ਨਾ ਸਾਡਾ। ਨਾਮ ਰਹੇਗਾ ਅੱਲਾਹ ਪਰਵਰਦਗਾਰ ਦਾ। ਨਾਮ ਰਹੇਗਾ ਉਸ ਦੀ ਬੰਦਗੀ ਕਰਨ ਵਾਲਿਆਂ ਦਰਵੇਸ਼ਾਂ ਦਾ। ਉਹ ਜਿਹੜੇ ਚੰਦ ਤਾਰਿਆਂ ਦੇ ਮਾਲਕ ਹਨ, ਉਹੀ ਰਹਿਣਗੇ, ਹੋਰ ਨਹੀਂ ਰਹੇਗਾ ਕੋਈ। ਸਾਡੀ ਤੁਹਾਨੂੰ ਇਹੀ ਸਲਾਹ ਹੈ ਕਿ ਮੁਕੱਦਮਾ ਵਾਪਸ ਲੈ ਲਉ। ਅਸੀਂ ਕਿਹਾ, ਜੀ ਬਾਹਰ ਸਾਡਾ ਭਾਈਚਾਰਾ ਖਲੋਤਾ ਹੈ, ਉਸ ਨਾਲ ਸਲਾਹ ਕਰ ਲਈਏ। ਜੱਜਾਂ ਨੇ ਕਿਹਾ, ਜ਼ਰੂਰ ਕਰੋ। ਹੁਣ ਸਾਢੇ ਗਿਆਰਾਂ ਵੱਜੇ ਹਨ। ਸ਼ਾਮੀਂ ਚਾਰ ਵਜੇ ਤਕ ਸਲਾਹ ਕਰ ਲਉ। ਜੇ ਮੁਕੱਦਮਾ ਵਾਪਸ ਨਾ ਲਿਆ ਤਾਂ ਫਿਰ ਅਸੀਂ ਫ਼ੈਸਲਾ ਸੁਣਾ ਦਿਆਂਗੇ। ਅਦਾਲਤ ਤੋਂ ਬਾਹਰ ਤੁਹਾਨੂੰ ਅਸੀਂ ਇਹ ਇੱਕ ਸਲਾਹ ਦਿੱਤੀ ਹੈ। ਇਹ ਸਲਾਹ ਮੰਨਣ ਦੇ ਤੁਸੀਂ ਪਾਬੰਦ ਨਹੀਂ। ਫ਼ੈਸਲਾ ਸ਼ਾਮੀਂ ਸੁਣਾਵਾਂਗੇ।


ਅਸੀਂ ਬਾਹਰ ਆ ਗਏ। ਭਾਈਚਾਰਾ ਉਡੀਕ ਰਿਹਾ ਸੀ। ਸਾਰੀ ਗੱਲ ਦੱਸੀ। ਸੋਚਣ ਵਿਚਾਰਨ ਲੱਗੇ। ਦਿਮਾਗ਼ ਰਿੜਕੇ। ਅਖ਼ੀਰ ਵਿੱਚ ਫ਼ੈਸਲਾ ਹੋਇਆ ਕਿ ਦੋਵਾਂ ਵਿੱਚੋਂ ਇੱਕ ਦੀ ਚੋਣ ਕਰਨੀ ਹੈ। ਅਪੀਲ ਵਾਪਸ ਲੈਣੀ ਹੈ ਕਿ ਮੁਕੱਦਮਾ ਹਾਰਨ ਦੀ ਜੱਜਮੈਂਟ ਲੈਣੀ ਹੈ। ਜੱਜਾਂ ਦੀਆਂ ਗੱਲਾਂ ਤੋਂ ਦਿਸ ਗਿਆ ਸੀ ਕਿ ਜਿੱਤਣ ਦਾ ਸਵਾਲ ਨਹੀਂ ਪੈਦਾ ਹੁੰਦਾ। ਅਸਾਂ ਸਾਰਿਆਂ ਨੇ ਮੁਕੱਦਮਾ ਵਾਪਸ ਲੈਣ ਦਾ ਫ਼ੈਸਲਾ ਕੀਤਾ। ਸ਼ਾਮੀਂ ਚਾਰ ਵਜੇ ਵਕੀਲਾਂ ਸਣੇ ਹਾਜ਼ਰ ਹੋ ਕੇ ਅਪੀਲ ਵਾਪਸ ਲੈ ਲਈ। ਅਸੀਂ ਬਚ ਗਏ ਸਰਦਾਰ ਜੀ। ਅਪੀਲ ਵਾਪਸ ਨਾ ਲੈਂਦੇ ਤਾਂ ਹਾਰਨਾ ਸੀ। ਦੁਨੀਆਂ ਵੀ ਜਾਣੀ ਸੀ, ਦੀਨ ਵੀ। ਹੁਣ ਦੋਵੇਂ ਬਚ ਗਏ। ਅਗਲੀ ਦਰਗਾਹ ਵਿੱਚ ਇਨ੍ਹਾਂ ਦਰਵੇਸ਼ਾਂ ਸਾਹਮਣੇ ਖਲੋ ਕੇ ਗੁਨਾਹਾਂ ਦੀ ਮੁਆਫ਼ੀ ਮੰਗਣ ਜੋਗੇ ਰਹਿ ਗਏ। ਉਹ ਬੜੇ ਰਹਿਮਦਿਲ ਹਨ ਜੀ। ਆਪਣੀ ਔਲਾਦ ਦੀਆਂ ਗਲਤੀਆਂ ਮਾਪੇ ਬਖਸ਼ ਦਿਆ ਕਰਦੇ ਹਨ।

ਦੇਖੋ ਭਰਾ ਜੀ, ਕਿੰਨੀਆਂ ਤਾਕਤਾਂ ਦੇ ਮਾਲਕ ਹਨ ਹਜ਼ਰਤ ਬਾਬਾ ਨਾਨਕ। ਸਦੀਆਂ ਬੀਤ ਗਈਆਂ ਪਰ ਨੇਕੀ ਕਰਨ ਦਾ ਹੁਕਮ ਅਜੇ ਕਿਸੇ ਨਾ ਕਿਸੇ ਜ਼ਰੀਏ ਪੁਚਾ ਰਹੇ ਹਨ। ਸੁਪਰੀਮ ਕੋਰਟ ਨੂੰ ਕਿਹਾ ਕਿ ਇਨ੍ਹਾਂ ਨੂੰ ਗਲਤ ਰਸਤੇ ਭਟਕਣ ਤੋਂ ਰੋਕ। ਸੁਪਰੀਮ ਕੋਰਟ ਨੇ ਰੋਕਿਆ। ਬਾਬਾ ਜੀ ਨੇ ਸੁਪਰੀਮ ਕੋਰਨ ਤੋਂ ਸਾਡੀ ਹੱਤਕ ਨਹੀਂ ਕਰਵਾਈ। ਵਰਜਿਆ ਵੀ, ਇੱਜ਼ਤ ਵੀ ਰੱਖੀ। ਉਸ ਦੇ ਨਾਮ ਨੂੰ ਲੱਖ ਸਲਾਮ। ਅੱਜ ਵੀ ਮਾਲ ਰਿਕਾਰਡ ਅਨੁਸਾਰ ਇਨ੍ਹਾਂ ਮੁਰੱਬਿਆਂ ਵਿੱਚ ਗੁਰੂ ਬਾਬਾ ਨਾਨਕ ਖੇਤੀ ਕਰਦਾ ਹੈ...!

# ਪੰਜਾਬ ਤੋਂ ਦਿੱਲੀ ਵਾਲੇ ਸੜਕੀ ਰਾਹ 'ਚ ਦੇਖ ਸਕਦੇ ਹੋ ਕੋਹ ਮਿਨਾਰ

ਇਹ ਕੋਹ ਮਿਨਾਰ ਹੈ। ਇਹੋ ਜਿਹੇ ਮਿਨਾਰ ਆਗਰੇ ਤੋਂ ਲੈ ਕੇ ਲਾਹੌਰ ਤੱਕ ਦੇ ਰਾਹ 'ਚ ਸ਼ੇਰ ਸ਼ਾਹ ਸੂਰੀ ਵੱਲੋਂ ਉਸਾਰੇ ਦੱਸੇ ਜਾਂਦੇ ਹਨ। ਇੱਕ-ਇੱਕ ਕੋਹ ਦੀ ਦੂਰੀ 'ਤੇ ਬਣਾਏ ਸੀ, ਰਾਹ ਦੱਸਣ ਖ਼ਾਤਰ। ਉਦੋਂ ਸੜਕ ਦਾ ਵਜੂਦ ਨਹੀਂ ਸੀ ਪੰਦਰਵੀਂ ਸਦੀ 'ਚ। ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿੱਚ ਇੱਕ ਕੋਹ ਦੀ ਲੰਬਾਈ 4 ਹਜ਼ਾਰ ਗਜ਼ ਦੱਸੀ ਹੈ, ਜੋ 3.65 (ਪੌਣੇ ਚਾਰ ਤੋਂ ਘੱਟ) ਕਿੱਲੋਮੀਟਰ ਦੇ ਬਰਾਬਰ ਹੈ। ਹੁਣ ਇਹ ਮਿਨਾਰ ਬਹੁਤ ਥੋੜ੍ਹੇ ਬਚੇ ਨੇ। ਫੋਟੋ 'ਚ ਦਿਸ ਰਿਹਾ ਕੋਹ ਮਿਨਾਰ ਅੰਬਾਲੇ ਤੋਂ ਦਿੱਲੀ ਵਾਲੀ ਜੀ. ਟੀ. ਰੋਡ 'ਤੇ ਕਰਨਾਲ ਟੱਪ ਕੇ ਮਧੂਬਨ ਤੋਂ ਪਹਿਲਾਂ ਹੈ, ਸੜਕ ਦੇ ਬਿਲਕੁਲ ਨਾਲ਼ ਖੱਬੇ ਹੱਥ। ਇੱਕ ਹੋਰ ਮਿਨਾਰ ਵੀ ਰਾਹ 'ਚ ਆਉਂਦਾ ਹੈ, ਘਰੌਂਡਾ ਟੱਪ ਕੇ ਪਾਣੀਪਤ ਤੋਂ ਪਹਿਲਾਂ।

1996 ਤੋਂ ਬਾਅਦ ਹੁਣ ਪਹਿਲੀ ਦਫ਼ਾ 24 ਸਾਲਾਂ ਮਗਰੋਂ ਮੈਨੂੰ ਸੜਕੀ ਰਸਤੇ ਦਿੱਲੀ ਜਾਣ ਦਾ ਮੌਕਾ ਲੱਗਿਆ। ਉਹਤੋਂ ਪਹਿਲਾਂ ਸਿਰਫ 1989 ਵਿੱਚ ਅਤੇ 1974 ਵਿੱਚ ਸੜਕੀ ਰਸਤੇ ਦਿੱਲੀ ਗਿਆ ਹਾਂ, ਉਹ ਵੀ ਪ੍ਰਾਈਵੇਟ ਗੱਡੀ 'ਚ; ਬੱਸ ਰਾਹੀਂ ਕਦੇ ਵੀ ਦਿੱਲੀ ਦਾ ਸਫਰ ਨਹੀਂ ਕੀਤਾ। ਮੇਰੀ ਮਨਭਾਉਂਦੀ ਸਵਾਰੀ ਰੇਲ-ਗੱਡੀ ਹੀ ਰਹੀ ਹੈ, ਦਿੱਲੀ ਅਨੇਕਾਂ ਵਾਰੀ ਰੇਲ ਗੱਡੀ ਰਾਹੀਂ ਹੀ ਦੇਖੀ ਹੈ। ਬਹੁਤ ਵਾਰੀ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਨੂੰ ਦਿੱਲੀ ਏਅਰਪੋਟ 'ਤੇ ਛੱਡਣ ਜਾਂ ਲਿਆਉਣ ਦੀ ਜ਼ਿੰਮੇਵਾਰੀ ਵੀ ਨਿਭਾਈ ਹੈ, ਪਰ ਦਿੱਲੀ ਆਉਣ-ਜਾਣ ਦਾ ਜ਼ਰੀਆ ਰੇਲ ਗੱਡੀ ਹੀ ਰਹੀ ਹੈ। ਇਹ ਕੋਹ ਮਿਨਾਰ ਮੈਨੂੰ ਰੇਲ ਗੱਡੀ 'ਚੋਂ ਵੀ ਦਿਸਦੇ ਹੁੰਦੇ ਸੀ, ਖਾਸਕਰ ਉਦੋਂ ਪੂਰੇ ਕਲੀਅਰ ਦਿਸਣ ਲੱਗੇ, ਜਦੋਂ ਸੜਕ ਚੌੜੀ ਕਰਨ ਖ਼ਾਤਰ ਮੈਲ ਵਾਲੇ ਦਰੱਖਤਾਂ ਦਾ ਵੜਾਂਗਾ ਹੋ ਗਿਆ। ਸੋ ਇਨ੍ਹਾਂ 'ਤੇ ਮੇਰੀ ਪਹਿਲਾਂ ਹੀ ਅੱਖ ਹੋਣ ਕਰਕੇ ਜਨਵਰੀ 2021



ਵਾਲੇ ਸੜਕੀ ਸਫਰ ਦੌਰਾਨ ਇਨ੍ਹਾਂ ਨੂੰ ਨੇੜਿਓਂ ਹੋ ਕੇ ਦੇਖਿਆ। ਜਦੋਂ ਕੋਈ ਸੱਜਣ ਪੰਜਾਬ ਤੋਂ ਦਿੱਲੀ ਨੂੰ ਸੜਕੀ ਰਸਤੇ ਦਿੱਲੀ ਜਾਵੇ ਤਾਂ ਰਾਹ ਵਿੱਚ ਪੈਂਦੇ ਇਹ ਕੋਹ ਮਿਨਾਰ ਦੇਖ ਸਕਦਾ ਹੈ:

1. ਰਾਜਪੁਰੇ ਤੇ ਸ਼ੰਭੂ ਵਿੱਚਕਾਰ ਦਿੱਲੀ ਨੂੰ ਜਾਂਦਿਆਂ ਖੱਬੇ ਹੱਥ।
2. ਘੱਗਰ ਪੁੱਲ ਦੇ ਖੱਬੇ ਹੱਥ ਪਹਾੜ ਵਾਲੇ ਪਾਸੇ।
3. ਲੁਧਿਆਣੇ ਤੋਂ ਅੰਬਾਲੇ ਵੱਲ, ਜੇ ਰੇਲ ਗੱਡੀ 'ਚੋਂ ਦੇਖਣਾ ਹੋਵੇ ਤਾਂ ਸਾਹਨੇਵਾਲ ਕੋਲ ਰੇਲਵੇ ਲਾਇਨ ਦੇ ਖੱਬੇ ਹੱਥ ਗੌਰਮਿੰਟ ਸਕੂਲ ਦੀ ਗਰਾਊਂਡ 'ਚ ਵੀ ਇਹੋ ਜਿਹਾ ਕੋਹ ਮਿਨਾਰ ਦੇਖਿਆ ਜਾ ਸਕਦਾ ਹੈ।

ਪੰਜਾਬ 'ਚ ਹੋਰ ਵੀ ਕਈ ਕੋਹ ਮਿਨਾਰ ਹੈਗੇ ਨੇ, ਜਿਨ੍ਹਾਂ 'ਚੋਂ ਨਕੋਦਰ-ਕਪੂਰਥਲਾ ਰੋਡ ਦੇ ਸੱਜੇ ਹੱਥ ਵਾਲਾ ਕੋਹ ਮਿਨਾਰ ਸਭ ਤੋਂ ਵਧੀਆ ਹਾਲਤ ਵਿੱਚ ਹੈ। ਤਰਨਤਾਰਨ-ਝਬਾਲ ਰੋਡ 'ਤੇ ਝਬਾਲ ਤੋਂ ਪਹਿਲਾਂ ਵਾਲਾ ਮਿਨਾਰ ਸਭ ਤੋਂ ਖਸਤਾ ਹਾਲਤ ਵਿੱਚ ਹੈ। ਕਿਹਾ ਇਹ ਜਾਂਦਾ ਹੈ ਕਿ ਇਹ ਮਿਨਾਰ ਸ਼ੇਰ ਸ਼ਾਹ ਸੂਰੀ ਨੇ ਬਣਵਾਏ। ਜੀ. ਟੀ. ਰੋਡ ਅਤੇ ਇਹਦੇ ਨਾਲ ਬਣੀਆਂ ਬਹੁਤ ਸਾਰੀਆਂ ਸਰਾਵਾਂ ਆਦਿ ਵੀ ਸ਼ੇਰ ਸ਼ਾਹ ਸੂਰੀ ਦੀਆਂ ਬਣਵਾਈਆਂ ਦੱਸੀਆਂ ਜਾਂਦੀਆਂ ਨੇ; ਪਰ ਇਸ ਗੱਲ ਨੂੰ ਮੈਂ ਠੀਕ ਨਹੀਂ ਮੰਨਦਾ, ਕਿਉਂਕਿ ਸ਼ੇਰ ਸ਼ਾਹ ਸੂਰੀ ਦਾ ਰਾਜ ਸਿਰਫ 5 ਸਾਲ ਰਿਹਾ ਹੈ। ਸੋ ਇੰਨੇ ਥੋੜ੍ਹੇ ਅਰਸੇ ਦੌਰਾਨ ਇੰਨੇ ਵੱਡੇ ਕੰਮ ਕਰਨੇ ਤਾਂ ਅੱਜ ਦੇ ਜੁੱਗ 'ਚ ਵੀ ਸੰਭਵ ਨਹੀਂ ਹਨ।

ਫੋਟੋ ਮੈਂ 13 ਜਨਵਰੀ 2021 ਨੂੰ ਕਰਨਾਲ ਤੇ ਮਧੂਬਨ ਦੇ ਵਿਚਕਾਰ ਜੀ. ਟੀ. ਰੋਡ 'ਤੇ ਖਿੱਚੀ।

*-ਗੁਰਪ੍ਰੀਤ ਸਿੰਘ ਮੰਡਿਆਣੀ*
*ਫ਼ੋਨ: +91-8872664000*


# ਜਗਤ ਦੇ ਤਾਰਨਹਾਰ ਗੁਰੂ ਨਾਨਕ ਦੇਵ

ਗੁਰਪੁਰਬ 'ਤੇ ਵਿਸ਼ੇਸ਼

ਨਿੰਮਾ ਡੱਲੇਵਾਲ
ਫੋਨ: 513-432-9754



ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਦੀਆਂ ਗਾਥਾਵਾਂ, ਕਹਾਣੀਆਂ ਅਤੇ ਚਾਰ ਉਦਾਸੀਆਂ ਦਾ ਵਰਣਨ ਸਮੇਂ-ਸਮੇਂ ਸਿਰ ਅਨੇਕਾਂ ਕਲਮਾਂ ਨੇ ਕੀਤਾ ਹੈ, ਜੋ ਹਰ ਸਿੱਖ ਅਖਵਾਉਣ ਵਾਲੇ ਤੋਂ ਇਲਾਵਾ ਵੀ ਸਭ ਭਲੀਭਾਂਤ ਜਾਣਦੇ ਹਨ। ਗੁਰੂ ਨਾਨਕ ਦੇਵ ਜੀ ਬਾਰੇ ਕੋਈ ਐਸੀ ਗੱਲ ਹੈ ਹੀ ਨਹੀਂ, ਜੋ ਕਿਸੇ ਤੋਂ ਛੁਪੀ ਹੋਵੇ। ਮੇਰੀ ਕਲਮ ਕੋਲ ਵੀ ਭਾਵੇਂ ਉਨ੍ਹਾਂ ਦੀ ਜੀਵਨੀ ਬਾਰੇ ਕੁਝ ਨਿਵੇਕਲਾ ਨਹੀਂ, ਪਰ ਇੱਕ ਸ਼ਰਧਾ ਜ਼ਰੂਰ ਹੈ, ਜੋ ਮੇਰੇ ਦਿਲ ਦੇ ਤਖਤ ਉੱਤੇ ਹਮੇਸ਼ਾ ਬਿਰਾਜਮਾਨ ਰਹਿੰਦੀ ਹੈ ਤੇ ਉਨ੍ਹਾਂ ਦੀ ਸਵੱਲੀ ਨਜ਼ਰ ਸਦਕਾ ਹਮੇਸ਼ਾ ਹੀ ਰਹੇਗੀ। ਮੈਂ ਅਤੇ ਮੇਰੀ ਕਲਮ ਆਪਣੀ ਸ਼ਰਧਾ ਦੇ ਕੁਝ ਸੋਹਣੇ ਮਹਿਕਦੇ ਫੁੱਲ ਕੁਝ ਸਬਦਾਂ ਦੇ ਰੂਪ ਵਿੱਚ ਉਨ੍ਹਾਂ ਦੇ ਚਰਨਾਂ ਵਿੱਚ ਭੇਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।



ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਦਾ ਚਿੱਤਰਕਾਰ ਜਰਨੈਲ ਸਿੰਘ ਵੱਲੋਂ ਬਣਾਇਆ ਗਿਆ ਇੱਕ ਚਿੱਤਰ

ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਵੱਲੋਂ ਸੰਸਾਰ ਉੱਤੇ ਆਪਣਾ ਰੂਪ ਬਣਾ ਕੇ ਹੀ ਘੱਲੇ ਗਏ ਸਨ, ਜਿਨ੍ਹਾਂ ਨੇ ਜਗਤ ਅੰਦਰ ਹੋ ਰਹੇ ਅੰਧ ਵਿਸ਼ਵਾਸ ਨੂੰ ਸਹੀ ਦਿਸ਼ਾ ਵੱਲ ਤੋਰਨਾ ਸੀ। ਊਚ-ਨੀਚ ਅਤੇ ਜਾਤ-ਪਾਤ ਦਾ ਖੰਡਨ ਵੀ ਕਰਨਾ ਸੀ, ਲੋਕਾਂ ਨੂੰ ਭਰਮਾਂ ਵਿੱਚੋਂ ਕੱਢਣਾ ਸੀ ਤੇ ਉਨ੍ਹਾਂ ਦੇ ਪੂਰ ਚੜ੍ਹਾਏ ਇਨ੍ਹਾਂ ਸਾਰੇ ਕਾਰਜਾਂ ਦੀਆਂ ਮਿਸਾਲਾਂ ਰਹਿੰਦੀ ਦੁਨੀਆ ਤੱਕ ਕਾਇਮ ਰਹਿਣਗੀਆਂ।

ਇਨ੍ਹਾਂ ਸਭ ਪ੍ਰਭਾਵਸ਼ਾਲੀ ਗੱਲਾਂ ਤੋਂ ਕੋਈ ਵੀ ਵਾਂਝਾ ਨਹੀਂ ਕਿ ਉਨ੍ਹਾਂ ਨੇ ਸੱਜਣ ਠੱਗ ਵਰਗੇ ਨੂੰ ਅਸਲ ਸੱਜਣ ਬਣਾਇਆ ਸੀ। ਉਹੀ ਸਨ, ਜਿਨ੍ਹਾਂ ਕੌੜੇ ਰੀਠਿਆਂ ਅੰਦਰ ਅੰਮ੍ਰਿਤ ਭਰਿਆ ਸੀ ਤੇ ਪਹਾੜ ਨੂੰ ਪੰਜਾ ਲਾ ਵੀ ਚੁੱਕਿਆ ਸੀ। ਹਰ ਕੋਈ ਜਾਣਦਾ ਹੈ ਕਿ ਲੋਕਾਂ ਨੂੰ ਭਰਮ ਦੀ ਦਲਦਲ ਵਿੱਚੋਂ ਕੱਢਣ ਖਾਤਿਰ ਮੱਕੇ ਨੂੰ ਘੁਮਾਉਣ ਵਾਲੇ ਇਹੀ ਅਵਤਾਰ ਸਨ। ਹੱਕ ਦੀ ਰੋਟੀ ਵਿੱਚੋਂ ਦੁੱਧ ਅਤੇ ਨਿਹੱਕੀ ਵਿੱਚੋਂ ਖੂਨ ਟਪਕਾ ਕੇ ਬੇਈਮਾਨੀ ਤੇ ਇਮਾਨਦਾਰੀ ਦੇ ਅੰਤਰ ਵਾਲੀ ਸਾਖੀ ਹਰ ਦਿਲ ਦੀ ਕਿਤਾਬ ਦੇ ਪੰਨਿਆਂ ਉੱਤੇ ਹੈ। ਬਚਪਨ ਵਿੱਚ ਪਾਧੇ ਕੋਲ ਪੜ੍ਹਨੇ ਪਾਏ ਗਏ ਸਨ, ਪਰ ਪਾਧਾ ਹੀ ਪੜ੍ਹਨੇ ਪੈ ਗਿਆ ਸੀ। ਲੋਧੀਖਾਨੇ ਭੈਣ ਨਾਨਕੀ ਕੋਲ ਕੰਮ ਲਾਇਆ ਤਾਂ ਤੇਰਾ-ਤੇਰਾ ਤੋਲਣ ਵਾਲੀ ਤਕੜੀ ਬਣ ਗਏ। ਗੁਰੂ ਜੀ ਦੇ ਅਸਲ ਰੂਪ ਦੇ ਦੀਦਾਰ ਸਭ ਤੋਂ ਪਹਿਲਾਂ ਭੈਣ ਨਾਨਕੀ ਨੂੰ ਹੀ ਹੋਏ ਸਨ।

ਮੈਂ ਬਾਝੋਂ ਨਾਨਕ ਦੀ, ਕੀ ਸਿਫਤ ਕਰਾਂ ਲੋਕੋ
ਉਹਦੇ ਚਰਨਾਂ ਵਿੱਚ ਕੱਢ ਕੇ, ਆਪਣੀ ਰੂਹ ਧਰਾਂ ਲੋਕੋ
ਮਨ ਮੰਦਿਰ ਵੱਸਦਾ ਰਹੇ, ਨਾ ਹੋਏ ਪਰਾਂ ਲੋਕੋ
ਮੈਂ ਵੀ ਬੇ-ਮੁਖ ਨਾ ਹੋ'ਜਾਂ, ਇਸ ਗੱਲ ਤੋਂ ਡਰਾਂ ਲੋਕੋ
ਨਿੰਮਾ ਆਖੇ ਚਰਨੀਂ ਥਾਂ ਮਿਲ'ਜੇ, ਮੈਂ ਜਦ ਵੀ ਮਰਾਂ ਲੋਕੋ।

ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਲਿਖਣ ਲੱਗਿਆਂ ਸ਼ਬਦਾਂ ਅਤੇ ਲਫਜ਼ਾਂ ਦੀ ਥੋੜ੍ਹ ਬਹੁਤ ਮਹਿਸੂਸ ਹੋ ਰਹੀ ਹੈ। ਇਹ ਇੱਕ ਹਕੀਕਤ ਵੀ ਹੈ ਕਿ ਜਿਨ੍ਹਾਂ ਦੀ ਪਵਿੱਤਰ ਰਚੀ ਬਾਣੀ ਅਸੀਂ ਹਰ ਦਿਨ ਸੁਣ ਕੇ ਅਤੇ ਪੜ੍ਹ ਕੇ ਆਪਣੀ ਜ਼ਿੰਦਗੀ ਅੰਦਰ ਖੁਸ਼ਹਾਲੀ ਦੀਆਂ ਕਾਮਨਾਵਾਂ ਕਰਦੇ ਹਾਂ, ਉਸ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦ ਕੋਈ ਕਿੱਥੋਂ ਲੱਭ ਕੇ ਲਿਆਵੇ! ਗੁਰੂ ਦੀ ਸਿਫਤ ਲਿਖਣ ਲੱਗਿਆਂ ਸ਼ਬਦ ਖੋਜ ਕੀਤਿਆਂ ਵੀ ਬੜੇ ਔਖੇ ਲੱਭਦੇ ਹਨ। ਅਗਰ ਕਲਮ ਤੁਰ ਵੀ ਪਵੇ ਤਾਂ ਗੁਰਾਂ ਲਈ ਲਿਖਦੀ ਕਲਮ ਥੱਕ ਵੀ ਜਾਏਗੀ ਤੇ ਉਸਦੀ ਸਿਆਹੀ ਵੀ ਮੁੱਕ ਜਾਏਗੀ। ਰਾਤ ਨੂੰ ਲਿਖਣਾ ਸ਼ੁਰੂ ਕੀਤਾ, ਪ੍ਰਭਾਤ ਤੱਕ ਵੀ ਸਮਾਪਤ ਨਹੀਂ ਹੋ ਸਕਦਾ। ਜੇ ਮੈਂ ਗੁਰੂ ਨਾਨਕ ਦੇਵ ਜੀ ਪ੍ਰਤੀ ਭਾਵਨਾ ਤੇ ਪਿਆਰ ਨੂੰ ਮੁੱਖ ਰੱਖ ਕੇ ਕੁਝ ਉਲੀਕਣ ਦੀ ਹਿੰਮਤ ਅਤੇ ਕੋਸ਼ਿਸ਼ ਕੀਤੀ ਹੈ, ਇਹ ਸਿਰਫ ਇੱਕ ਕਣ ਮਾਤਰ ਹੀ ਹੋਵੇਗਾ।

ਮੈਂ ਉਨ੍ਹਾਂ ਮਹਾਨ ਸਤਿਕਾਰਾਂ ਦੇ ਹੱਕਦਾਰਾਂ ਦਾ ਵਿਸਥਾਰ ਸੱਤ ਜਨਮ ਵੀ ਨਹੀਂ ਕਰ ਸਕਦਾ। ਇਹ ਤਾਂ ਸਿਰਫ ਇੱਕ ਲਿਖਤ ਰੂਪੀ ਦਮੜੀ ਉਨ੍ਹਾਂ ਦੇ ਕਦਮਾਂ ਵਿੱਚ ਰੱਖ ਕੇ ਮੱਥਾ ਟੇਕ ਰਿਹਾ ਹਾਂ ਤੇ ਅਰਦਾਸ ਵੀ ਕਰ ਰਿਹਾ ਹਾਂ ਕਿ ਉਹ ਸਵੀਕਾਰ ਕਰਕੇ ਇਸ ਨਿਮਾਣੇ ਨੂੰ ਮਾਣ ਬਖਸ਼ ਦੇਣ। ਗੁਰੂ ਨਾਨਕ ਜੀ ਦੀ ਸੋਭਾ ਅਤੇ ਸੰਗਤਾਂ ਲਈ ਲਿਖਣ ਲੱਗਿਆ ਮੈਂ ਆਪਣੀ ਬੁੱਧੀ ਤੇ ਸੋਚ ਦਾ ਇੱਕ-ਇੱਕ ਪੈਸਾ ਵੀ ਖਰਚ ਦੇਵਾ ਤਾਂ ਵੀ ਸ਼ਾਇਦ ਕਈ ਕਮੀਆਂ ਰਹਿ ਜਾਣਗੀਆ, ਪਰ ਗੁਰੂ ਨਾਲ ਨੇੜਤਾ ਵਧਣ ਦੇ ਆਸਾਰ ਤੇ ਸਬੱਬ ਜ਼ਰੂਰ ਬਣਦੇ ਲਗਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਮਨੁੱਖੀ ਬਣਤਰ ਵਾਲਾ ਅਵਤਾਰ ਕੋਈ ਆਮ ਗੱਲ ਨਹੀਂ ਸੀ, ਉਹ ਪਰਮਾਤਮਾ ਦੀ ਬਣਾਈ ਹੋਈ ਇੱਕ ਬਿਧ ਸੀ, ਇੱਕ ਸੱਚ ਅਤੇ ਧਰਮ ਦਾ ਹੋਕਾ ਸੀ, ਜਿਸ ਦਾ ਗੁਰੂ ਜੀ ਨੇ ਪਸਾਰਾ ਕੀਤਾ ਸੀ। ਕਈ ਧਰਮ ਮੁੱਢ ਤੋਂ ਚਲਦੇ ਆ ਰਹੇ ਸਨ, ਪਰ ਗੁਰੂ ਨਾਨਕ ਦੇਵ ਜੀ ਇੱਕ ਅਜਿਹੀ ਸ਼ਖਸੀਅਤ ਹੋ ਨਿਬੜੇ ਜਿਨ੍ਹਾਂ ਦੇ ਪਾਏ ਪੂਰਨਿਆਂ ਉੱਤੇ ਇੱਕ ਨਵਾਂ ਯਾਨਿ ਸਿੱਖ ਧਰਮ ਦਾ ਮਹਿਲ ਉਸਰ ਗਿਆ। ਹਿੰਦੂ ਅਤੇ ਮੁਸਲਿਮ ਧਰਮ ਵਿੱਚ ਇੱਕ ਤੀਜੇ ਧਰਮ ਦੀ ਸਥਾਪਤੀ ਕਰਨ ਵਾਲੇ ਗੁਰੂ ਨਾਨਕ ਹੀ ਸਨ, ਜਿਸ ਬਦੌਲਤ ਅੱਜ ਵੀ ਪੂਰੇ ਸੰਸਾਰ ਅਤੇ ਸਿੱਖ ਜਗਤ ਅੰਦਰ ਉਨ੍ਹਾਂ ਦੇ ਅਵਤਾਰ ਦੇ ਪੁਰਬ ਬੜੀ ਧੂਮਧਾਮ ਅਤੇ ਸ਼ਰਧਾ ਸਤਿਕਾਰ ਨਾਲ ਮਨਾਏ ਜਾਂਦੇ ਹਨ। ਹਰ ਸ਼ਹਿਰ, ਹਰ ਪਿੰਡ ਤੇ ਵਿਦੇਸ਼ਾਂ ਵਿੱਚ ਜਿੱਥੇ ਵੀ ਪੰਜਾਬੀ ਅਤੇ ਸਿੱਖ ਭਾਈਚਾਰਾ ਬੈਠਾ ਹੈ, ਉੱਥੇ ਹੀ ਗੁਰੂ ਜੀ ਦੇ ਜਨਮ ਦਿਹਾੜੇ ਦੇ ਚਾਵਾਂ ਨੂੰ ਸੰਗਤਾਂ ਸਾਂਝਾ ਕਰ ਰਹੀਆਂ ਹਨ ਅਤੇ ਕੁਝ ਅਜਿਹੇ ਸ਼ਬਦ ਵੀ ਉਚਾਰ ਰਹੀਆਂ ਹਨ,

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਦ ਜਗ ਚਾਨਣ ਹੋਆ।

ਗੁਰੂ ਨਾਨਕ ਦੇਵ ਜੀ ਪੀਰਾਂ ਦੇ ਪੀਰ ਸਨ, ਸੰਤ ਫਕੀਰ ਸਨ। ਇੱਕ ਰੂਹਾਨਗੀ ਅਤੇ ਇਲਾਹੀ ਜੋਤ ਦਾ ਸਰੂਪ ਸਨ, ਜਿਨ੍ਹਾਂ ਦੀ ਵਿਚਾਰਧਾਰਾ ਏਕਤਾ ਤੇ ਬਰਾਬਰੀ ਦੀ ਪ੍ਰਤੀਕ ਹੈ। ਉਨ੍ਹਾਂ ਦੇ ਪ੍ਰਗਟਾਵੇ ਤੋਂ ਪਹਿਲਾਂ ਦੁਨੀਆਂ ਅੰਦਰ ਜ਼ੁਲਮ ਦਾ ਧੂੰਆਂਧਾਰ ਸੀ ਤੇ ਉਨ੍ਹਾਂ ਦੇ ਪ੍ਰਵੇਸ਼ ਦਾ ਇਹੀ ਮਕਸਦ ਸੀ ਕਿ ਅੱਤਿਆਚਾਰ ਦੀ ਧੁੰਦ ਨੂੰ ਮਿਟਾ ਕੇ ਪ੍ਰੇਮ ਪਿਆਰ ਭਰੇ ਚਾਨਣ ਦਾ ਮੁਨਾਰਾ ਕੀਤਾ ਜਾਵੇ। ਉਨ੍ਹਾਂ ਆਪਣੇ ਪੂਰੇ ਜੀਵਨ ਯਾਤਰਾ ਦਾ ਸਫਰ, ਇਨ੍ਹਾਂ ਰਾਹਾਂ ਉੱਤੇ ਪੈਦਲ ਚੱਲ ਕੇ ਹੀ ਗੁਜ਼ਾਰਿਆ ਹੈ। ਇਸ ਸਫਰ ਦੌਰਾਨ ਉਨ੍ਹਾਂ ਦੇ ਦੋ ਸਾਥੀ ਬਾਲਾ ਤੇ ਮਰਦਾਨਾ ਜੀ ਨੂੰ ਵੀ ਇਤਿਹਾਸ ਅੱਖੋਂ ਪਰੋਖੇ ਨਹੀਂ ਕਰ ਸਕਦਾ। ਉਹ ਦੋਵੇਂ ਗੁਰੂ ਜੀ ਨਾਲ ਚੱਲਦੇ-ਚੱਲਦੇ ਉਨ੍ਹਾਂ ਦੀ ਪਰਛਾਈ ਹੀ ਬਣ ਗਏ ਸਨ ਤੇ ਆਪਣਾ ਪੂਰਾ ਜੀਵਨ ਹੀ ਗੁਰੂ ਲੇਖੇ ਲਾ ਕੇ ਗੁਰੂ ਵਰਗਾ ਸਤਿਕਾਰ ਖੱਟ ਗਏ।

ਇੱਕ ਸੰਗੀ ਸੀ ਮਰਦਾਨਾ
ਦੂਜਾ ਸੰਗੀ ਬਾਲਾ ਸੀ।
ਉਸ ਨਾਨਕ ਨੂਰ ਇਲਾਹੀ ਦੇ,
ਇੱਕ ਹੱਥ ਵਿੱਚ ਮਾਲਾ ਸੀ।
ਸਾਧਾਂ ਵਾਂਗ ਸਮਾਧੀ ਨਾ ਲਾਈ,
ਸਦਾ ਰੱਖਦੇ ਚਾਲਾ ਸੀ।
ਅਕਾਲ ਪੁਰਖ ਨਾਨਕ ਜੀ,
ਇੱਕ ਰੂਪ ਨਿਰਾਲਾ ਸੀ।
ਕਿਸੇ ਇੱਕ ਦਾ ਨਈਂ ਸੀ ਨਿੰਮਿਆ,
ਨਾਨਕ ਦੀਨ ਦਿਆਲਾ ਸੀ।

ਨਿੰਮਾ ਡੱਲੇਵਾਲ ਅਤੇ ਸਮੂਹ ਪਰਿਵਾਰ ਵੱਲੋਂ

ਸਿੱਖ ਧਰਮ ਦੇ ਬਾਨੀ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

ਕੋਟਾਨਿ ਕੋਟਿ ਵਧਾਈ


ਸ. ਸਵਰਨ ਸਿੰਘ ਅਤੇ ਮਾਤਾ ਚਰਨ


ਨਿੰਮਾ ਡੱਲੇਵਾਲ


ਸੁੱਖਪ੍ਰੀਤ ਕੌਰ


ਪ੍ਰਿੰਸਪ੍ਰੀਤ ਸਿੰਘ


ਪੰਥਪ੍ਰੀਤ ਸਿੰਘ


ਅਰਸ਼ਪ੍ਰੀਤ ਸਿੰਘ

ਨਿੰਮਾ ਡੱਲੇਵਾਲ (ਸਿਨਸਿਨੈਟੀ, ਓਹਾਇਓ) ਫੋਨ: 513-432-9754

## ਜੁਗ ਜੁਗ ਜੀਓ... (3)

# ਤੁਹਾਡੀ ਤੰਦਰੁਸਤੀ ਤੁਹਾਡੇ ਹੀ ਹੱਥ

## ਸਿਹਤ ਲਈ ਜਾਣਕਾਰੀ

ਡਾ. ਹਰਬੰਸ ਕੌਰ ਦਿਓਲ

ਸਵੇਰ ਦੀ ਬੱਦਲਵਾਈ ਤੋਂ ਬਾਅਦ ਵਧੀਆ ਧੁੱਪ ਨਿਕਲ ਆਈ ਸੀ। ਨਿੱਘਾ ਨਿੱਘਾ ਜਿਹਾ ਦਿਨ ਸੀ, ਧੀਮੀ ਹਵਾ ਅਤੇ ਪੱਤਿਆਂ ਦੀ ਹਲਕੀ ਖੜਖੜਾਹਟ ਸੁਣਾਈ ਦੇ ਰਹੀ ਸੀ, ਜਿਵੇਂ ਕੋਈ ਮਸ਼ਵਰਾ ਕਰ ਰਹੇ ਹੋਣ। ਚੰਨੀ ਡੂੰਘੇ ਖਿਆਲਾਂ ਵਿੱਚ ਮਸਤ ਸੈਰ ਕਰਦੀ ਕਰਦੀ ਕਾਫੀ ਦੂਰ ਨਿਕਲ ਗਈ। ਬਿਲਕੁਲ ਸ਼ਾਂਤੀ ਸੀ ਆਲੇ-ਦੁਆਲੇ। ਉਹ ਆਪਣਾ ਨਾਮ ਸੁਣ ਕੇ ਇੱਕ ਦਮ ਚਹਿਕ ਪਈ। ਉਸ ਨੇ ਮੁੜ ਕੇ ਦੇਖਿਆ ਤਾਂ ਚਾਚੀ ਆਪਣੇ ਵੱਲ ਆਉਂਦੀ ਦਿਖਾਈ ਦਿੱਤੀ।

"ਚਾਚੀ ਜੀ, ਤੁਸੀਂ ਕਿੱਥੋਂ ਆ ਰਹੇ ਹੋ?" ਚੰਨੀ ਨੇ ਪੁੱਛਿਆ।

"ਇਹੀ ਤਾਂ ਮੈਂ ਤੈਨੂੰ ਪੁੱਛਣ ਵਾਲੀ ਸੀ, ਬਸ ਮੈਂ ਤਾਂ ਦੁੱਧ ਫੜਨ ਗਈ ਸੀ ਦੁਕਾਨ ਤੋਂ। ਚੱਲ ਘਰ ਚੱਲੀਏ, ਬਹਿ ਕੇ ਗੱਲਾਂ ਕਰਦੇ ਆਂ। ਹਰ ਵਾਰੀ ਜਦੋਂ ਤੂੰ ਆਉਂਦੀ ਏਂ, ਮੈਂ ਦੌਰੇ 'ਤੇ ਚੜ੍ਹੀ ਹੁੰਦੀ ਆਂ। ਹੁਣ ਤੱਕ ਤਾਂ ਪ੍ਰੀਤ ਵੀ ਘਰ ਆ ਗਈ ਹੋਣੀ ਐ। ਮੈਂ ਤਾਂ ਥੱਕ ਗਈ ਉਸ ਤੋਂ ਮਿਠਾਈਆਂ ਦੇ ਡੱਬੇ ਲੁਕਾਉਂਦੀ। ਅੱਜ ਕੱਲ੍ਹ ਕਿਸੇ ਦੇ ਮੁੰਡਾ ਜੰਮਿਆ, ਕਿਸੇ ਦੇ ਵਿਆਹ ਅਤੇ ਕਿਸੇ ਦੀ ਮੰਗਣੀ ਜਾਂ ਰੋਕਾ ਹੁੰਦਾ ਰਹਿੰਦਾ ਐ। ਕੀ ਕਰਾਂ! ਮੈਨੂੰ ਉਸ 'ਤੇ ਤਰਸ ਵੀ ਆਉਂਦਾ ਏ, ਪਰ ਇਸ ਵਿੱਚ ਉਸ ਦਾ ਭਲਾ ਈ ਹੈ, ਇਹ ਸੋਚ ਕੇ ਮੈਂ ਆਪਣੇ ਦਿਲ ਨੂੰ ਧਰਵਾਸ ਦੇ ਲੈਨੀ ਆਂ। ਕੱਲ੍ਹ ਥੋੜ੍ਹੀ ਉਦਾਸ ਜਿਹੀ ਸੀ, ਤੈਨੂੰ ਦੇਖ ਕੇ ਤਾਂ ਉਨ੍ਹੇ ਖਿੜ ਪੈਣੈਂ!"

"ਪ੍ਰੀਤ, ਦੇਖ ਕੌਣ ਆਇਐ!" ਚਾਚੀ ਨੇ ਅੰਦਰ ਲੰਘਦਿਆਂ ਕਿਹਾ।

"ਵਾਹ ਜੀ, ਪ੍ਰੀਤ ਤੂੰ ਤਾਂ ਕਮਾਲ ਕਰ ਦਿੱਤੀ ਐ ਬਈ।" ਚੰਨੀ ਨੇ ਪ੍ਰੀਤ ਵੱਲ ਨਜ਼ਰ ਮਾਰਦਿਆਂ ਕਿਹਾ।

"ਤੁਸੀਂ ਅਤੇ ਚਾਚੀ ਜੀ ਇੱਥੇ ਬੈਠੋ, ਮੈਂ ਪੀਣ ਨੂੰ ਕੁਝ ਲੈ ਕੇ ਆਉਂਨੀ ਆਂ।" ਪ੍ਰੀਤ ਨੇ ਖੁਸ਼ੀ ਖੁਸ਼ੀ ਰਸੋਈ ਵੱਲ ਜਾਂਦਿਆਂ ਕਿਹਾ।

"ਚਾਚੀ ਜੀ, ਮੰਨਣਾ ਪਊ ਨੂੰਹ ਤੁਹਾਨੂੰ ਬਹੁਤ ਵਧੀਆ ਮਿਲੀ ਹੈ। ਗੱਲ ਸੁਣਦੀ ਵੀ ਐ ਅਤੇ ਅਮਲ ਵੀ ਕਰਦੀ ਐ। ਦੇਖੋ ਕਿੰਨਾ ਭਾਰ ਘਟਾ ਲਿਆ ਹੈ, ਤੇ ਉਤੋਂ ਕੋਈ ਸ਼ਿਕਾਇਤ ਵੀ ਨਹੀਂ ਕਰਦੀ। ਹੁਣ ਤਾਂ ਫੇਰ ਵਧੀਆ ਲੱਗਣ ਲੱਗ ਪਈ ਹੈ।"

"ਹਾਂ ਚੰਨੀਏ, ਤੂੰ ਠੀਕ ਕਹਿੰਦੀ ਐਂ। ਮੈਂ ਤਾਂ ਰੱਬ ਦਾ ਸ਼ੁਕਰ ਕਰਦੀ ਆਂ ਦੋਨੋਂ ਵੇਲੇ। ਅੱਜ ਕੱਲ੍ਹ ਦੀਆਂ ਤਾਂ ਐਵੇਂ ਈ ਮਾਣ ਨਹੀਂ। ਅੱਗੋਂ ਦਸ ਸਵਾਲ-ਜਵਾਬ ਕਰਦੀਆਂ ਨੇ। ਦੋ-ਚਾਰ ਜਮਾਤਾਂ ਪੜ੍ਹ ਕੀ ਲੈਂਦੀਆਂ ਨੇ, ਜਿਵੇਂ ਅਸਮਾਨ 'ਤੇ ਪਹੁੰਚ ਗਈਆਂ ਹੋਣ! ਮੈਂ ਇਸ (ਪ੍ਰੀਤ) ਨੂੰ ਨਹੀਂ ਦੱਸਦੀ, ਕਿਤੇ ਜ਼ਿਆਦਾ ਦਿਮਾਗ ਨਾ ਗਰਮ ਹੋ ਜਾਵੇ ਇਹਦਾ ਅਤੇ ਸਿਰ ਚੜ੍ਹ ਜਾਵੇ।"

"ਚਾਚੀ, ਜੇ ਤੁਸੀਂ ਇਸ ਦੀ ਵਡਿਆਈ ਕਰੋਗੇ ਤਾਂ ਉਹ ਉਸ ਤੋਂ ਵੀ ਚੰਗੀ ਬਣਨ ਦੀ ਕੋਸ਼ਿਸ਼ ਕਰੇਗੀ। ਆਪਾਂ ਸਾਰਿਆਂ ਨੂੰ ਥੋੜ੍ਹੀ ਬਹੁਤੀ ਹੱਲਾਸ਼ੇਰੀ ਚਾਹੀਦੀ ਹੁੰਦੀ ਐ ਕਦੇ ਕਦੇ।"

ਐਨੇ ਨੂੰ ਪ੍ਰੀਤ ਚਾਹ ਲੈ ਕੇ ਆ ਗਈ।

"ਦੀਦੀ, ਮੈਨੂੰ ਪਤਾ ਸੀ ਅੱਜ ਤੁਸੀਂ ਆਓਗੇ, ਦੇਖੋ ਮੈਂ 16 ਪੌਂਡ ਭਾਰ ਘਟਾ ਲਿਐ ਅਤੇ ਬਹੁਤ ਅੱਛਾ ਵੀ ਮਹਿਸੂਸ ਕਰਦੀ ਆਂ। ਐਨਰਜੀ ਵੀ ਜ਼ਿਆਦੈ! ਦੇਖ ਰਹੇ ਓ ਜੱਟੀ ਨੂੰ ਵੰਗਾਰਨ ਦਾ ਨਤੀਜਾ!"

"ਤੂੰ ਵਾਕਿਆ ਈ ਕਮਾਲ ਕਰ ਦਿੱਤੀ ਹੈ।"

"ਦੀਦੀ, ਪਿਛਲੀ ਵਾਰੀ ਆਪਣੀ ਹੈਲਥੀ ਲਾਈਫ ਸਟਾਈਲ ਵਾਲੀਆਂ ਗੱਲਾਂ ਵਿਚਾਲੇ ਹੀ ਰਹਿ ਗਈਆਂ ਸਨ। ਕੋਈ ਹੋਰ ਨੁਸਖੇ ਦੱਸੋ ਅੱਜ। ਮੈਂ ਤਾਂ ਆਪਣੀ ਪੂਰੀ ਤਿਆਰੀ ਕੀਤੀ ਹੋਈ ਐ।"

"ਪ੍ਰੀਤ, ਤੈਨੂੰ ਇੰਨਾ ਲਾਲਚ ਹੈ ਚੰਨੀ ਤੋਂ ਲਾਹਾ ਲੈਣ ਦਾ, ਨੀਂ ਤੂੰ ਇਹਨੂੰ ਚਾਹ ਤਾਂ ਪੀ ਲੈਣ ਦੇ।"

"ਅਸੀਂ ਤਾਂ ਗੱਲਾਂ ਕਰਦਿਆਂ ਹੀ ਚਾਹ ਪੀ ਲੈਣੀ ਐਂ।"

"ਚਾਚੀ ਜੀ, ਇਹਨੇ ਤਾਂ ਆਪਣੀ ਚਾਹ ਦਾ ਭਾੜਾ ਜੋ ਲੈਣਾ ਏ ਮੇਰੇ ਤੋਂ!" ਚੰਨੀ ਨੇ ਪ੍ਰੀਤ ਨੂੰ ਟੀਜ਼ ਕਰਦਿਆਂ ਕਿਹਾ।

"ਦੀਦੀ, ਤੁਹਾਨੂੰ ਪਤਾ ਹੈ ਮੇਰਾ ਇਹ ਮਤਲਬ ਨਹੀਂ ਸੀ। ਮੈਂ ਨਹੀਂ ਚਾਹੁੰਦੀ ਤੁਹਾਨੂੰ ਜਾਣ ਵੇਲੇ ਹਨੇਰਾ ਹੋ ਜਾਵੇ।" ਪ੍ਰੀਤ ਨੇ ਆਪਣੀ ਸਫਾਈ ਪੇਸ਼ ਕਰਦਿਆਂ ਕਿਹਾ।

ਤੁਸੀਂ ਕਿਹਾ ਸੀ, ਰਸੋਈ 'ਚ ਕੁਝ ਗੱਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ, ਕਿਉਂ ਨਾ ਆਪਾਂ ਉਥੋਂ ਹੀ ਸ਼ੁਰੂ ਕਰੀਏ।"

"ਚੱਲ ਸੁਣ ਫੇਰ:

1. ਪਹਿਲਾ, ਐਲੂਮੀਨੀਅਮ ਫੁਆਇਲ (Aluminum Foil) ਦਾ ਇਸਤੇਮਾਲ ਖਾਣਾ ਬਣਾਉਣ ਵੇਲੇ ਨਾ ਕਰੋ। ਕਦੇ ਵੀ ਖੁਰਾਕ ਫੁਆਇਲ ਨਾਲ ਕੰਟੈਕਟ ਵਿੱਚ ਨਹੀਂ ਆਉਣੀ ਚਾਹੀਦੀ, ਕਿਉਂਕਿ ਐਲੂਮੀਨੀਅਮ ਫੁਆਇਲ ਤੋਂ ਐਬਜ਼ੌਰਬ ਹੋ ਕੇ ਦਿਮਾਗ 'ਤੇ ਬੁਰਾ ਅਸਰ ਕਰਦੀ ਹੈ। ਇਸ ਦੀ ਥਾਂ ਪਾਰਚਮੈਂਟ ਪੇਪਰ



(parchment paper) ਦਾ ਇਸਤੇਮਾਲ ਕਰੋ। ਓਵਨ ਵਿਚ ਵੀ ਪਾਰਚਮੈਂਟ ਪੇਪਰ ਦਾ ਇਸਤੇਮਾਲ 400 ਡਿਗਰੀ ਫਾਰਨਹੀਟ ਤੱਕ ਕਰ ਸਕਦੇ ਹੋ। ਧਿਆਨ ਰੱਖਣਾ ਪੇਪਰ ਪੈਨ ਦੇ ਵਿੱਚ ਵਿੱਚ ਹੀ ਰੱਖੋ। ਓਵਨ ਦੇ ਹੋਰ ਕਿਸੇ ਹਿੱਸੇ ਦੇ ਨਾਲ ਟੱਚ ਨਾ ਕਰੇ।

ਕਦੇ ਕਦਾਈਂ ਜੇ ਗਰਿੱਲ ਕਰਨਾ ਹੋਵੇ ਤਾਂ ਵੀ ਐਲੂਮੀਨੀਅਮ ਫੁਆਇਲ ਦੀ ਥਾਂ ਸੀਡਰ ਰੈਪਸ (cedar wraps) ਵਰਤੋ, ਇਹ ਐਮਾਜ਼ੋਨ ਤੋਂ ਮਿਲ ਜਾਂਦੇ ਨੇ।

2. ਖਾਣਾ ਬਣਾਉਣ ਲਈ ਐਲੂਮੀਨੀਅਮ ਦੇ ਭਾਂਡੇ ਵੀ ਨਾ ਵਰਤੋ।

3. ਤੀਜਾ, ਟੈਫਲਾਨ ਕੋਟਿਡ, ਬਿਨਾ ਸਟਿਕ ਹੋਣ ਵਾਲੇ ਭਾਂਡੇ ਵਿੱਚ ਖਾਣਾ ਨਾ ਬਣਾਓ, ਕਿਉਂਕਿ ਹੌਲੀ ਹੌਲੀ ਟੈਫਲਾਨ ਘੁਲ ਕੇ ਖੁਰਾਕ ਰਾਹੀਂ ਸਾਡੇ ਸਰੀਰ ਵਿੱਚ ਜਾ ਕੇ ਜ਼ਹਿਰ ਵਰਗਾ ਅਸਰ ਕਰਦੀ ਹੈ।

4. ਤਾਂਬੇ ਅਤੇ ਲੋਹੇ ਦੇ ਬਰਤਨ ਖੁਰਾਕ ਬਣਾਉਣ ਲਈ ਕਦੇ ਕਦੇ ਇਸਤੇਮਾਲ ਕਰਨ ਦਾ ਕੋਈ ਹਰਜ ਨਹੀਂ, ਪਰ ਬਹੁਤੀ ਵਾਰੀ ਵਿਸ਼ੇਸ਼ ਕਰਕੇ ਖਟਾਈ ਵਾਲੀਆਂ ਚੀਜ਼ਾਂ ਬਣਾਉਣ ਤੋਂ ਪਰਹੇਜ਼ ਹੀ ਕਰੋ।"

"ਦੀਦੀ ਫਿਰ ਕਿਸ ਤਰ੍ਹਾਂ ਦੇ ਬਰਤਨ ਵਰਤਣੇ ਚਾਹੀਦੇ ਹਨ?"

"5. ਸਟੀਲ, ਗਲਾਸ, ਸਰੈਮਕ ਅਤੇ ਸਰੈਮਕ ਕੋਟਿੰਗ ਵਾਲੇ ਬਰਤਨ ਬੇਫਿਕਰ ਹੋ ਕੇ ਇਸਤੇਮਾਲ ਕਰੋ।

6. ਮਾਈਕਰੋਵੇਵ ਨੂੰ ਜਾਂ ਤਾਂ ਬਿਲਕੁਲ ਇਸਤੇਮਾਲ ਨਾ ਕਰੋ ਜਾਂ ਬਹੁਤ ਹੀ ਘੱਟ।

7. ਪਲਾਸਟਿਕ ਦੀਆਂ ਬੋਤਲਾਂ ਪਾਣੀ ਲਈ ਜਾਂ ਡੱਬੇ ਖਾਣਾ ਸਟੋਰ ਕਰਨ ਲਈ ਨਹੀਂ ਵਰਤਣੇ ਚਾਹੀਦੇ, ਕਿਉਂਕਿ ਮਾਈਕਰੋਪਲਾਸਟਿਕਜ਼ ਖਾਣੇ ਵਿੱਚ ਘੁਲ ਜਾਂਦੇ ਨੇ, ਇਹ ਸਰੀਰ ਵਿੱਚ ਇਨਫਲੇਮੇਸ਼ਨ ਕਰਦੇ ਹਨ।

8. ਟੇਬਲ ਸਾਲਟ ਵਿੱਚ ਮਾਈਕਰੋਪਲਾਸਟਿਕਜ਼, ਐਲੂਮੀਨੀਅਮ ਅਤੇ ਸ਼ੂਗਰ ਹੁੰਦੀ ਹੈ। ਉਸ ਦੀ ਥਾਂ ਹਿਮਾਲਿਅਨ ਸਾਲਟ ਜਾਂ ਸੈਲਟਿਕ ਸੀ ਸਾਲਟ (Celtic Sea salt) ਦਾ ਇਸਤੇਮਾਲ ਹੀ ਕਰਨਾ ਜ਼ਿਆਦਾ ਅੱਛਾ ਹੈ।"

"ਦੀਦੀ, ਕਈ ਵਾਰੀ ਮੈਂ ਸੁਣਿਆ ਕਿ ਜੇ ਤੁਸੀਂ ਘੱਟ ਕਾਰਬਜ਼ ਵਾਲੀ ਖੁਰਾਕ ਖਾਂਦੇ ਹੋ ਤਾਂ ਮਸਲ ਕਰੈਂਪਸ ਹੋ ਜਾਂਦੀਆਂ ਨੇ।"

"ਪ੍ਰੀਤ ਉਨ੍ਹਾਂ ਲੋਕਾਂ ਨੂੰ ਥੋੜ੍ਹਾ ਜ਼ਿਆਦਾ ਨਮਕ ਖਾਣ ਦੀ ਜ਼ਰੂਰਤ ਹੈ, ਮਸਲ ਕਰੈਂਪਸ ਹੋਰ ਕਈ ਗੱਲਾਂ ਕਰਕੇ ਵੀ ਹੋ ਸਕਦੇ ਨੇ- ਜਿਵੇਂ ਐਕਸਰਸਾਈਜ਼ ਤੋਂ ਬਾਅਦ ਗਰਮੀ ਦੇ ਮੌਸਮ ਵਿੱਚ ਜ਼ਿਆਦਾ ਪਸੀਨਾ ਆਉਣ ਕਰਕੇ ਪਾਣੀ ਦੀ ਕਮੀ ਹੋ ਜਾਂਦੀ ਹੈ। ਕੁਝ ਇਲੈਕਟਰੋਲਾਈਟਜ਼ ਜਿਵੇਂ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਪੋਟਾਸ਼ੀਅਮ ਦੀ ਘਾਟ ਕਰਕੇ ਵੀ।"

"ਹੁਣ ਸਮਝ ਆਈ! ਇਹਦਾ ਮਤਲਬ ਕੁਝ ਇਲਾਜ ਹੋ ਸਕਦਾ ਹੈ। ਮੈਨੂੰ ਤਾਂ ਚਾਚੀ ਨੇ ਡਰਾ ਦਿੱਤਾ ਸੀ, ਕਹਿੰਦੇ ਕਿਸੇ ਨੇ ਟੂਣਾ ਟੱਪਾ ਕੀਤਾ ਹੋਣਾ ਅਤੇ ਮੈਂ ਉੱਤੋਂ ਦੀ ਲੰਘ ਗਈ ਹੋਵਾਂਗੀ, ਮੈਨੂੰ ਹੁਣ ਕਿਸੇ ਹਥੌਲਾ ਕਰਨ ਵਾਲੇ ਕੋਲ ਜਾਣਾ ਪਵੇਗਾ।"

"ਪ੍ਰੀਤ, ਤੂੰ ਇਨ੍ਹਾਂ ਗੱਲਾਂ ਨੂੰ ਮੰਨਦੀ ਐਂ?"

"ਨਹੀਂ ਦੀਦੀ, ਪਰ ਮੈਨੂੰ ਤਾਂ ਸਮਝ ਨਹੀਂ ਸੀ ਪੈਂਦੀ ਕਿ ਕੀ ਕਰਾਂ! ਹੁਣ ਤਾਂ ਤਰੀਕਾ ਪਤਾ ਲੱਗ ਗਿਐ। ਮੇਰੀ ਇੱਕ ਹੋਰ ਬਹੁਤ ਵੱਡੀ ਮੁਸ਼ਕਿਲ ਹੈ, ਉਸ ਦੇ ਵਿੱਚ ਮੇਰੀ ਮਦਦ ਕਰੋ।"

"ਕੀ ਪ੍ਰੀਤ?"

"ਤੁਸੀਂ ਕਿਹਾ ਸੀ ਕਿ ਸ਼ੂਗਰ ਨਾ ਖਾਓ ਅਤੇ ਆਰਟੀਫਿਸ਼ਅਲ ਸਵੀਟਨਰਜ਼ ਵੀ ਨਾ ਖਾਓ ਜਿਵੇਂ ਨਿਊਟਰਾ ਸਵੀਟ (nutrasweet), ਈਕੁਲ, ਸਵੀਟ ਐਂਡ ਲੋ, ਸਪਲੈਂਡਾ, ਨਿਊਟੇਮ। ਇਹ ਹਾਨੀਕਾਰਕ ਨੇ ਲਿਵਰ ਡੈਮੇਜ, ਲਿਵਰ ਕੈਂਸਰ, ਹਾਜ਼ਮੇ ਦੀ ਸਮੱਸਿਆ, ਕਰੇਵਿੰਗਜ਼, ਭਾਰ ਵਧਾਉਣਾ, ਜ਼ਿਆਦਾ ਸ਼ੂਗਰ ਅਤੇ ਜ਼ਿਆਦਾ ਬਲੱਡ ਪ੍ਰੈਸ਼ਰ ਵੀ ਕਰਦੇ ਹਨ।"

"ਜੇ ਕਦੀ ਮਿੱਠਾ ਖਾਣ ਨੂੰ ਜੀ ਕਰੇ, ਹੈ ਕੋਈ ਚਾਰਾ?"

"ਹਾਂ ਕੁਝ ਆਪਸ਼ਨਜ਼ (options) ਹਨ- ਫਲ ਖਾ ਕੇ ਦੇਖੋ ਜਿਨ੍ਹਾਂ ਵਿੱਚ ਜ਼ਿਆਦਾ ਮਿਠਾਸ ਨਹੀਂ ਪਰ ਕਰੇਵਿੰਗ ਘਟਾ ਦਿੰਦੇ ਨੇ ਜਿਵੇਂ ਐਪਲ, ਪੇਅਰ, ਬੈਰੀਜ਼।"

"ਦੀਦੀ, ਤੁਹਾਡਾ ਕੀ ਖਿਆਲ ਹੈ, ਰਾਅ ਹਨੀ (row honey) ਅਤੇ ਸ਼ੂਗਰ ਫਰੀ ਮੇਪਲ ਸਿਰਪ (maple syrup) ਬਾਰੇ?"

"ਦੇਖ ਬਈ, ਰਾਅ ਹਨੀ ਵਿੱਚ ਸ਼ੂਗਰ ਤਾਂ ਕਾਫੀ ਹੁੰਦੀ ਹੈ, ਜੇ ਆਪਾਂ ਇੱਕ ਚਮਚ ਸ਼ਹਿਦ ਖਾ ਲਈਏ, ਉਹਦੇ ਵਿੱਚ ਡੇਢ ਚਮਚ ਜਿੰਨੀ ਸ਼ੂਗਰ ਹੁੰਦੀ ਹੈ, ਪਰ ਉਹਦੇ ਵਿੱਚ ਧਾਤਾਂ ਅਤੇ ਵਿਟਾਮਿਨ ਜਿਵੇਂ ਆਇਰਨ ਅਤੇ ਵਿਟਾਮਿਨ ਸੀ ਹੁੰਦੇ ਹਨ, ਇਸ ਲਈ ਸ਼ੂਗਰ ਨਾਲੋਂ ਚੰਗਾ ਹੈ। Sugar free maple syrup ਦਾ ਇਸਤੇਮਾਲ ਠੀਕ ਹੈ। ਹੋਰ ਵੀ ਹਨ ਸ਼ੂਗਰ ਦੇ ਬਦਲ (substitutes), ਜਿਵੇਂ ਸਟੇਵੀਆ (stevia) ਜੋ ਕਾਫੀ ਦੇਰ ਤੋਂ ਇਸਤੇਮਾਲ ਕੀਤਾ ਜਾ ਰਿਹਾ ਹੈ, ਠੀਕ ਹੈ; ਪਰ ਕਈ ਲੋਕਾਂ ਨੂੰ ਆਫਟਰ ਟੇਸਟ ਮਹਿਸੂਸ ਹੁੰਦਾ ਹੈ। ਇਹ ਵੀ ਕਹਿਣਾ ਹੈ ਕਿ ਜੇ ਤੁਸੀਂ ਲਿਕੁਇਡ ਫਾਰਮ ਇਸਤੇਮਾਲ ਕਰੋ ਤਾਂ ਆਫਟਰ ਟੇਸਟ ਨਹੀਂ ਮਹਿਸੂਸ ਹੁੰਦਾ। ਲਿਕੁਇਡ ਸਟੇਵੀਆ ਨੂੰ ਚਾਹ ਜਾਂ ਕੌਫੀ ਵਿੱਚ ਪਾ ਸਕਦੇ ਹੋ। ਮੈਂ ਕਦੇ ਵਰਤ ਕੇ ਨਹੀਂ ਦੇਖਿਆ। ਰਾਅ ਹਨੀ ਇੱਕ ਸਾਲ ਤੋਂ ਘੱਟ ਉਮਰ ਵਾਲੇ ਬੱਚੇ ਨੂੰ ਨਹੀਂ ਦੇਣਾ ਚਾਹੀਦਾ, ਕਿਉਂਕਿ ਬੋਟੂਲਿਜ਼ਮ (botulism) ਹੋਣ ਦਾ ਡਰ ਹੁੰਦਾ ਹੈ।

ਮਿੱਠੇ ਯਾਨਿ ਸ਼ੂਗਰ ਦੇ ਹੋਰ ਬਦਲ ਵੀ ਹਨ- ਅਰਿਥਰੀਟੋਲ (erythritol), ਮੰਕ ਫਰੂਟ (monk fruit), ਐਲੂਲੋਜ਼ (allulose) ਅਤੇ ਜਾਇਲੀਟੋਲ (xylitol); ਇਹ ਥੋੜ੍ਹੇ ਜਿਹੇ ਮਹਿੰਗੇ ਨੇ ਅਤੇ ਉਨੀ ਰੀਸਰਚ ਨਹੀਂ, ਜਿੰਨੀ ਸਟੇਵੀਆ 'ਤੇ ਹੋਈ ਹੈ। ਮੰਕ



ਫਰੂਟ ਅਤੇ ਐਲੂਲੋਜ਼ ਦਾ ਸਵਾਦ ਸ਼ੂਗਰ ਵਰਗਾ ਹੀ ਹੈ। ਜਾਇਲੀਟੋਲ ਪੈਟਸ ਲਈ ਹਾਨੀਕਾਰਕ ਹੈ। ਬੱਚਿਆਂ ਦੇ ਦੰਦਾਂ ਨੂੰ ਕੈਵਿਟੀਜ਼ (cavities) ਤੋਂ ਬਚਾਉਂਦੀ ਹੈ, ਪਰ ਸ਼ੂਗਰ ਹੁੰਦੀ ਹੈ ਥੋੜ੍ਹੀ ਜਿਹੀ ਇਸ ਵਿੱਚ।"

"ਦੀਦੀ ਕੀ ਇਨ੍ਹਾਂ ਨੂੰ ਵਰਤ ਕੇ ਬੇਸਨ ਦੀ ਬਰਫੀ ਬਣ ਸਕਦੀ ਏ?"

"ਤੂੰ ਅਤੇ ਤੇਰੀ ਬੇਸਨ ਦੀ ਬਰਫੀ! ਹਾਂ, ਬਣ ਸਕਦੀ ਏ। ਮੈਂ ਤਾਂ ਭੁੱਲ ਹੀ ਗਈ ਸੀ, ਮੈਂ ਤੇਰੇ ਲਈ ਮਿੰਟੂ ਤੋਂ ਲੌਲੀਪੌਪ (lollipop) ਲੈ ਕੇ ਆਈ ਹਾਂ। ਚਾਚੀ ਕਹਿੰਦੀ ਸੀ, ਤੂੰ ਸਵੇਰੇ ਰੋਂਦੀ ਸੀ ਮਿਠਾਈ ਖਾਣ ਲਈ। ਮੈਂ ਸੋਚਿਆ, 25 ਸਾਲ ਦੀ ਬੱਚੀ ਨੂੰ ਲੌਲੀਪੌਪ ਦੇ ਕੇ ਚੁੱਪ ਕਰਾ ਲਾਵਾਂਗੀ। ਲੈ ਫੜ, ਨਾਲ ਹੈ ਟਿਸ਼ੂ ਦਾ ਡੱਬਾ ਵੀ, ਹੰਝੂ ਪੂੰਝਣ ਲਈ।"

"ਦੀਦੀ, ਤੁਸੀਂ ਵੀ ਚਾਚੀ ਜੀ ਦੇ ਨਾਲ ਰਲ ਗਏ, ਨਾਲੇ ਕਹਿੰਦੇ ਹੋ ਸ਼ੂਗਰ ਨਹੀਂ ਖਾਣੀ, ਉੱਤੋਂ ਲੌਲੀਪੌਪ ਲੈ ਕੇ ਆਉਂਦੇ ਹੋ।" ਪ੍ਰੀਤ ਨੇ ਡੱਬਾ ਖੋਲ੍ਹਦਿਆਂ ਕਿਹਾ।

"ਪਰ ਦੀਦੀ ਇਹਦੇ ਵਿੱਚ ਤਾਂ ਕੁਕੀਜ਼ ਨੇ, ਮੈਨੂੰ ਤੁਸੀਂ ਮਨ੍ਹਾਂ ਕੀਤਾ ਹੋਇਆ।" ਪ੍ਰੀਤ ਨੇ ਰੋਣਹਾਕੀ ਹੋ ਕੇ ਕਿਹਾ।

"ਪ੍ਰੀਤ ਇਹ ਤਾਂ ਤੁਸੀਂ ਖਾ ਸਕਦੇ ਹੋ, ਇਹ ਤੇਰੇ ਲਈ ਸਪੈਸ਼ਲ ਮੈਂ ਬਣਾਈਆਂ ਨੇ ਅਤੇ ਹੈਨ ਵੀ ਸ਼ੂਗਰ ਫਰੀ।"

"OMG" ਪ੍ਰੀਤ ਨੇ ਕੁਕੀ ਖਾਂਦਿਆਂ ਕਿਹਾ, "ਇਹ ਤਾਂ ਬਿਲਕੁਲ ਅਸਲੀ ਲੱਗਦੀਆਂ ਨੇ। ਬਹੁਤ ਹੀ ਸਵਾਦ ਅਤੇ ਨਰਮ ਹਨ, ਇਹ ਤਾਂ ਨੰਬਰ ਵਨ ਹਨ, ਸਭ ਤੋਂ ਵਧੀਆ ਤੋਹਫਾ ਦਿੱਤਾ ਹੈ ਤੁਸੀਂ।"

"ਨਹੀਂ, ਇਹ ਤਾਂ ਨੰਬਰ-2 ਹੈ, ਪਰ ਨੰਬਰ-1 ਤਾਂ ਤੇਰੀ ਬੇਸਨ ਦੀ ਬਰਫੀ ਹੋਵੇਗੀ।" ਚੰਨੀ ਨੇ ਕਿਹਾ।

"ਹਾਂ ਜੀ, ਤੁਹਾਡੀ ਗੱਲ ਤਾਂ 16 ਆਨੇ ਸੱਚੀ ਹੈ। ਅੱਜ ਤਾਂ ਸਵਾਦ ਈ ਆ ਗਿਆ। ਮੇਰੀ ਸ਼ੂਗਰ ਤਾਂ ਨਹੀਂ ਵਧੇਗੀ?"

"ਨਹੀਂ, ਇਹ ਸ਼ੂਗਰ ਫਰੀ ਨੇ।"

"ਦੀਦੀ ਇਹਦੀ ਰੈਸਪੀ (recipe) ਦੇ ਦੋ ਮੈਨੂੰ।"

"ਲੈ ਲਿਖ ਲੈ:

-ਐਲਮੰਡ ਆਟਾ ਢਾਈ ਕੱਪ

-ਮੰਕ ਫਰੂਟ ਸਵੀਟਨਰ (monk fruit sweetener) 3/4 ਕੱਪ। ਮੈਂ ਦੋ ਟੀ-ਸਪੂਨ ਘੱਟ ਹੀ ਰੱਖੇ ਸੀ।

-ਬੇਕਿੰਗ ਪਾਊਡਰ ਇੱਕ ਚਮਚ

-ਨਮਕ 1/4 ਚਮਚ।

ਇਨ੍ਹਾਂ ਸਾਰਿਆਂ ਨੂੰ ਵਿਸਕ (whisk) ਨਾਲ ਮਿਲਾ ਲਵੋ।

ਇੱਕ ਅਲੱਗ ਬਰਤਨ ਵਿੱਚ ਅੱਧਾ ਕੱਪ ਮੈਲਟ ਕੀਤਾ ਹੋਇਆ ਬਟਰ ਲਓ, ਪਰ ਗਰਮ ਨਾ ਹੋਵੇ- ਨਮਕ ਤੋਂ ਬਿਨਾ

ਅੰਡਾ ਇੱਕ- ਰੂਮ ਟੈਂਪਰੇਚਰ 'ਤੇ

ਵਨੀਲਾ- ਇੱਕ ਚਮਚ

ਇਨ੍ਹਾਂ ਸਾਰਿਆਂ ਨੂੰ ਮਿਲਾ ਲਓ ਅਤੇ ਪਹਿਲੇ ਬਰਤਨ, ਜਿਸ ਵਿੱਚ ਆਟਾ ਹੈ, ਮਿਲਾ ਦੇਵੋ ਹਲਕੇ ਜਿਹੇ। ਹੁਣ ਅੱਧਾ ਕੱਪ ਸ਼ੂਗਰ ਫਰੀ ਚੌਕਲੇਟ ਚਿਪਸ, 1/4 ਕੱਪ ਕੱਟੇ ਹੋਏ (chopped) ਪੀਕਾਂਨਜ਼ ਮਿਲਾ ਕੇ ਫਰਿਜ ਵਿੱਚ ਇੱਕ ਘੰਟੇ ਲਈ ਰੱਖ ਦੇਵੋ। ਆਟੇ ਨੂੰ ਓਵਰ ਮਿਕਸ ਨਹੀਂ ਕਰਨਾ, ਨਟਜ਼ ਤੁਸੀਂ ਆਪਣੀ ਮਰਜ਼ੀ ਦੇ ਪਾ ਸਕਦੇ ਹੋ।

ਓਵਨ ਦਾ ਤਾਪਮਾਨ 350 ਡਿਗਰੀ ਫਾਰਨਹੀਟ ਕਰਕੇ ਆਨ ਕਰ ਦੇਵੋ। ਹੁਣ ਕੁਕੀਜ਼ ਦੇ ਲਈ ਛੋਟੀਆਂ ਛੋਟੀਆਂ ਬਾਲਜ਼ (balls) ਬਣਾ ਕੇ ਪਾਰਚਮੈਂਟ ਪੇਪਰ ਤੇ ਕੁਕੀ ਪੈਨ ਵਿੱਚ ਰੱਖ ਲਵੋ ਅਤੇ ਹੱਥ ਨਾਲ ਥੋੜ੍ਹੇ ਪ੍ਰੈਸ ਕਰੋ। ਕੁਕੀਜ਼ ਜ਼ਿਆਦਾ ਸਪਰੈਡ ਨਹੀਂ ਹੁੰਦੀਆਂ, ਜਦੋਂ ਵੀ ਇਹ ਕਿਨਾਰਿਆਂ ਤੋਂ ਹਲਕੀ ਜਿਹੀ ਲਾਲੀ ਮਾਰਨ ਲੱਗਣ, ਓਵਨ 'ਚੋਂ ਕੱਢ ਲਵੋ। ਇਹ ਕਾਫੀ ਸੌਫਟ ਅਤੇ ਚਿੱਟੀਆਂ ਜਿਹੀਆਂ ਹੀ ਹੋਣਗੀਆਂ।

ਇਨ੍ਹਾਂ ਨੂੰ 10-15 ਮਿੰਟ ਹਿਲਾਓ ਨਾ, ਸੌਲਿਡ ਹੋ ਜਾਣਗੀਆਂ। ਮੇਰੇ ਓਵਨ ਵਿੱਚ ਅੱਠ ਕੁ ਮਿੰਟ ਹੀ ਲੱਗਦੇ ਨੇ, ਤੁਹਾਡੇ ਓਵਨ ਵਿੱਚ ਵੱਧ-ਘੱਟ ਸਮਾਂ ਹੋ ਸਕਦਾ ਹੈ।"

ਚੰਨੀ ਨੇ ਕੁਕੀਜ਼ ਬਣਾਉਣ ਦੀ ਵਿਧੀ ਦੱਸਣ ਸਾਰ ਹੀ ਸੁਚੇਤ ਵੀ ਕਰ ਦਿੱਤਾ, "ਹੁਣ ਇੱਕ ਗੱਲ ਯਾਦ ਰੱਖੀਂ, ਸਾਰਾ ਦਿਨ ਕੁਕੀਜ਼ ਈ ਨਾ ਖਾਈ ਜਾਈਂ, ਇਹ ਕਦੇ ਕਦਾਈਂ ਜਦੋਂ ਜੀ ਕਰੇ, ਮੌਡਰੇਸ਼ਨ ਵਿੱਚ। ਇਨ੍ਹਾਂ ਵਿੱਚ ਕਾਰਬਜ਼ ਨਹੀਂ, ਪਰ ਫੈਟ ਤਾਂ ਹੈ ਭਾਰ ਵਧਾਉਣ ਲਈ, ਸਮਝੀ!"

"ਜੀ ਹਜ਼ੂਰ।"

"ਚੱਲ ਫੇਰ ਗੁੱਡ ਲੱਕ। ਸਤਿ ਸ੍ਰੀ ਅਕਾਲ। ਮੈਂ ਚਲਦੀ ਆ ਹੁਣ, ਫਿਰ ਮਿਲਾਂਗੇ ਅਗਲੀ ਵਾਰ...।"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਾਰ-ਪਾਹਾਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਖੁਸ਼ੀਆਂ ਭਰੀ ਜ਼ਿੰਦਗੀ ਦਾ ਆਧਾਰ: ਸੱਤ ਮਹੱਤਵਪੂਰਨ ਆਦਤਾਂ

**ਕਿਸੇ ਨੇ ਖੂਬ ਲਿਖਿਆ ਹੈ ਕਿ ਜਿਉਂ ਜਿਉਂ ਸੰਸਾਰ ਵੱਡਾ ਹੁੰਦਾ ਜਾ ਰਿਹਾ ਹੈ, ਭਾਵ ਜਨਸੰਖਿਆ ਵਧਦੀ ਜਾ ਰਹੀ ਹੈ, ਤਿਉਂ ਤਿਉਂ ਮਨੁੱਖ ਇਕੱਲਾ ਹੁੰਦਾ ਜਾ ਰਿਹਾ ਹੈ। ਪਦਾਰਥਵਾਦੀ ਸੰਸਾਰ ਦੇ ਅਜਿਹੇ ਸ਼ੀਸ਼ੇ ਵਿੱਚ ਵੇਖਿਆਂ ਸਾਨੂੰ ਵੱਖ ਵੱਖ ਅਕਸ ਸਹਿਜੇ ਹੀ ਦਿਸ ਪੈਂਦੇ ਹਨ; ਤੇ ਮਾਇਆ-ਛਾਇਆ ਦਾ ਵਰਤਾਰਾ ਦੇਖ ਕੇ ਸਾਡਾ ਮਨ ਪੀੜ ਪੀੜ ਹੋ ਜਾਂਦਾ ਹੈ। ਖੈਰ ! ਅਜਿਹੇ ਹਾਲਾਤ ਵਿੱਚ ਵੀ ਆਪਣੀ ਜ਼ਿੰਦਗੀ ਨੂੰ ਖੁਸ਼ੀਆਂ ਭਰਪੂਰ ਬਣਾਉਣ ਲਈ ਡਾ. ਡੀ. ਪੀ. ਸਿੰਘ ਨੇ ਕੁਝ ਨੁਕਤੇ ਸੁਝਾਏ ਹਨ। ਉਮੀਦ ਹੈ, ਪਾਠਕ ਪਸੰਦ ਕਰਨਗੇ ਅਤੇ ਇਨ੍ਹਾਂ ਨੂੰ ਆਪਣੀ ਰੋਜ਼ਮੱਰ੍ਹਾ ਜ਼ਿੰਦਗੀ ਵਿੱਚ ਥਾਂ ਵੀ ਦੇਣਗੇ।**

**ਨਵੀਆਂ ਖੋਜਾਂ, ਨਵੇਂ ਤੱਥ**

ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ
Email: drdpsn@gmail.com



ਖੁਸ਼ੀ, ਮਾਨਸਿਕ ਅਰੋਗਤਾ ਦਾ ਚਿੰਨ੍ਹ ਹੈ। ਜੀਵਨ ਦੀ ਜੱਦੋ-ਜਹਿਦ ਦੌਰਾਨ ਸਾਨੂੰ ਉਦਾਸੀ ਤੇ ਚਿੰਤਾਵਾਂ ਅਕਸਰ ਘੇਰ ਲੈਂਦੀਆਂ ਹਨ। ਇਸੇ ਲਈ ਮਾਨਸਿਕ ਤੌਰ ਉੱਤੇ ਹਮੇਸ਼ਾ ਤੰਦਰੁਸਤ ਰਹਿਣਾ ਆਮ ਕਰਕੇ ਔਖਾ ਲੱਗਦਾ ਹੈ, ਪਰ ਅਸਲ ਵਿੱਚ ਮਾਨਸਿਕ ਤੰਦਰੁਸਤੀ ਪ੍ਰਾਪਤ ਕਰਨਾ ਬਹੁਤ ਹੀ ਸੌਖਾ ਹੈ। ਇਹ ਬਿਲਕੁਲ ਓਨਾ ਹੀ ਸੌਖਾ ਹੈ, ਜਿੰਨਾ ਖੁਸ਼ ਰਹਿਣਾ ਤੇ ਹੱਸਣਾ। ਅਰੋਗ ਮਾਨਸਿਕ ਹਾਲਤ ਸਾਨੂੰ ਹੋਰਨਾਂ ਨਾਲ ਚੰਗੇ ਰਿਸ਼ਤੇ ਬਣਾਉਣ, ਚਿੰਤਾ ਘਟਾਉਣ ਅਤੇ ਸਾਡੇ ਸਵੈ-ਭਰੋਸੇ ਨੂੰ ਵਧਾਉਣ ਵਿੱਚ ਮਦਦ ਕਰਦੀ ਹੈ।

ਆਪਣੀ ਮਾਨਸਿਕ ਸਿਹਤ ਸੁਧਾਰਨ ਲਈ ਸਾਨੂੰ ਹਜ਼ਾਰਾਂ ਲੱਖਾਂ ਰੁਪਏ ਖਰਚਣ ਦੀ ਲੋੜ ਨਹੀਂ ਹੈ। ਸਿਰਫ਼ ਆਪਣੀਆਂ ਰੋਜ਼ਾਨਾ ਆਦਤਾਂ ਵਿੱਚ ਕੁਝ ਕੁ ਸੁਯੋਗ ਤਬਦੀਲੀਆਂ ਕਰ ਕੇ ਅਸੀਂ ਅਜਿਹੀ ਹਾਲਤ ਪ੍ਰਾਪਤ ਕਰ ਸਕਦੇ ਹਾਂ। ਜ਼ਿੰਦਗੀ ਵਿੱਚ ਖੁਸ਼ੀਆਂ ਖੇੜਿਆਂ ਦੇ ਵਾਧੇ ਲਈ ਹੇਠ ਲਿਖੀਆਂ ਸੱਤ ਆਦਤਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਅੰਗ ਬਣਾ ਕੇ ਅਜਿਹਾ ਸਹਿਜੇ ਹੀ ਸੰਭਵ ਹੈ। ਇੰਝ ਅਸੀਂ ਬਿਨਾ ਦਵਾਈ ਦੀ ਵਰਤੋਂ ਦੇ ਚਿੰਤਾ ਤੇ ਉਦਾਸੀ ਤੋਂ ਕੁਦਰਤੀ ਤੌਰ ਉੱਤੇ ਛੁਟਕਾਰਾ ਪ੍ਰਾਪਤ ਕਰ ਸਕਦੇ ਹਾਂ ਅਤੇ ਆਪਣੀ ਮਾਨਸਿਕ ਸਿਹਤ ਨੂੰ ਵਧੇਰੇ ਚੰਗਾ ਬਣਾ ਸਕਦੇ ਹਾਂ।

## ਚੰਗੀ ਮਾਨਸਿਕ ਸਿਹਤ ਲਈ ਸੱਤ ਮਹੱਤਵਪੂਰਣ ਆਦਤਾਂ

**1. ਆਰਾਮ ਕਰਨ ਦੀ ਆਦਤ ਬਣਾਓ।**

ਜ਼ਿੰਦਗੀ ਵਿੱਚ ਅਨੇਕ ਉਤਾਰ-ਚੜ੍ਹਾਅ ਅਕਸਰ ਵਾਪਰਦੇ ਰਹਿੰਦੇ ਹਨ, ਜਿਨ੍ਹਾਂ ਕਾਰਨ ਅਸੀਂ ਕਈ ਵਾਰ ਬਹੁਤ ਮਾਨਸਿਕ ਤਣਾਅ ਮਹਿਸੂਸ ਕਰਦੇ ਹਾਂ। ਅਜਿਹੀ ਹਾਲਤ ਵਿੱਚ ਅਸੀਂ ਕਈ ਵਾਰ ਗਲਤ ਫੈਸਲੇ ਵੀ ਲੈ ਲੈਂਦੇ ਹਾਂ, ਜੋ ਬਹੁਤ ਨੁਕਸਾਨ ਦਾ ਕਾਰਨ ਬਣਦੇ ਹਨ। ਦੁਰਘਟਨਾਵਾਂ ਦਾ ਵਾਪਰਨਾ ਅਜਿਹੇ ਤਣਾਅਪੂਰਨ ਪਲਾਂ ਵਿੱਚ ਲਏ ਗਲਤ ਫੈਸਲਿਆਂ ਦਾ ਨਤੀਜਾ ਹੀ ਹੁੰਦਾ ਹੈ, ਪਰ ਅਜਿਹੇ ਤਣਾਅ ਉੱਤੇ ਕਾਬੂ ਪਾਉਣਾ ਸੰਭਵ ਹੈ। ਆਰਾਮ ਕਰਨ ਦੇ ਢੰਗਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਨਾ ਕੇ ਅਸੀਂ ਤਣਾਅਪੂਰਨ ਹਾਲਤਾਂ ਦਾ ਹੱਲ ਸਹਿਜੇ ਹੀ ਪ੍ਰਾਪਤ ਕਰ ਸਕਦੇ ਹਾਂ।

ਆਰਾਮ ਕਰਨ ਦਾ ਇੱਕ ਪ੍ਰਸਿੱਧ ਤਰੀਕਾ ਹੈ ਧਿਆਨ ਲਗਾਉਣਾ (meditation) ਜਾਂ ਭਗਤੀ। ਅਜਿਹੀ ਕ੍ਰਿਆ ਸਾਨੂੰ ਸ਼ਾਂਤੀ ਪ੍ਰਾਪਤ ਕਰਨ, ਤਣਾਅ ਘਟਾਉਣ ਅਤੇ ਮਿਜ਼ਾਜ ਨੂੰ ਬਿਹਤਰ ਕਰਨ ਵਿੱਚ ਮਦਦ ਕਰਦੀ ਹੈ। ਕਈ ਲੋਕ ਤਾਂ ਆਪਣੇ ਧਿਆਨ ਸਮੇਂ ਮਨ ਦੀ ਇਕਾਗਰਤਾ ਲਈ ਸੰਗੀਤ ਦੀ ਵਰਤੋਂ ਵੀ ਕਰਦੇ ਹਨ। ਜੇ ਧਿਆਨ ਲਾਉਣਾ ਤੁਹਾਨੂੰ ਪਸੰਦ ਨਹੀਂ, ਤਾਂ ਮਨਪਸੰਦ ਕਿਤਾਬ ਪੜ੍ਹਨਾ, ਲੰਮੇ ਸਾਹ ਲੈਣਾ ਜਾਂ ਸੈਰ ਕਰਨਾ ਵੀ ਆਰਾਮ ਕਰਨ ਦੇ ਪ੍ਰਚਲਿਤ ਢੰਗ ਹਨ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਆਰਾਮ ਕਰਨ ਦਾ ਕਿਹੜਾ ਢੰਗ ਚੁਣਦੇ ਹੋ, ਬੱਸ ਇਸ ਨੂੰ ਇੱਕ ਆਦਤ ਬਣਾਓ।

**2. ਹੋਰਨਾਂ ਨਾਲ ਸੁਹਿਰਦਤਾ ਭਰਿਆ ਮੇਲ-ਮਿਲਾਪ ਰੱਖੋ।**

ਹੋਰਨਾਂ ਨਾਲ ਮੇਲ-ਮਿਲਾਪ ਅਕਸਰ ਸਾਡੇ ਮੂਡ ਨੂੰ ਚੰਗਾ ਬਣਾਉਣ ਜਾਂ ਹਾਲਾਤ ਬਾਰੇ ਸਾਡਾ ਨਜ਼ਰੀਆ ਬਦਲਣ ਵਿੱਚ ਸਾਡੀ ਮਦਦ ਕਰਦਾ ਹੈ। ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣ ਨਾਲ, ਅਸੀਂ ਇਕੱਲ ਦੀ ਭਾਵਨਾ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਦੇ ਨਾਲ ਹੀ ਸਾਨੂੰ ਭਰੋਸਾ ਹੋ ਜਾਂਦਾ ਹੈ ਕਿ ਲੋੜ ਸਮੇਂ ਸਾਡੇ ਸਨੇਹੀ ਸਾਡੇ ਕੋਲ ਹੀ ਹਨ। ਜੇਕਰ ਬਾਕਾਇਦਾ ਤੌਰ 'ਤੇ ਅਸੀਂ ਨਿੱਜੀ ਰੂਪ ਵਿਚ ਨਹੀਂ ਮਿਲ ਸਕਦੇ, ਤਾਂ ਲਿਖਤੀ ਸੁਨੇਹੇ ਅਤੇ ਜ਼ੂਮ-ਕਾਲ ਦੀ ਵਰਤੋਂ ਨਾਲ ਅਸੀ ਹੋਰਨਾਂ ਨਾਲ ਸੁਚੱਜਾ ਤਾਲਮੇਲ ਰੱਖ ਸਕਦੇ ਹਾਂ।

ਲੋੜੋਂ ਵੱਧ ਮੇਲ-ਮਿਲਾਪ ਵੀ ਲਾਭਕਾਰੀ ਨਹੀਂ ਹੁੰਦਾ। ਅਜਿਹੀਆਂ ਕਾਰਵਾਈਆਂ ਵਿੱਚ ਸੰਤੁਲਨ ਹੋਣਾ ਜ਼ਰੂਰੀ ਹੈ। ਮਨ ਦੀ ਹਾਲਤ ਅਨੁਸਾਰ ਕਦੇ ਕਦਾਈਂ ਅਜਿਹੇ ਮੇਲ-ਮਿਲਾਪ ਤੋਂ ਗੁਰੇਜ਼ ਕਰਨਾ ਵੀ ਸਹੀ ਹੁੰਦਾ ਹੈ।

**3. ਸਰੀਰਕ ਤੰਦਰੁਸਤੀ ਦਾ ਖਿਆਲ ਰੱਖੋ।**

ਮਾਨਸਿਕ ਤੰਦਰੁਸਤੀ ਦਾ ਸਰੀਰਕ ਤੰਦਰੁਸਤੀ ਨਾਲ ਗੂੜ੍ਹਾ ਸਬੰਧ ਹੈ। ਦੋਵੇਂ ਹੀ ਇੱਕ ਦੂਸਰੇ ਬਿਨਾ ਅਧੂਰੇ ਹਨ। ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਤਿੰਨ ਚੀਜ਼ਾਂ ਜਿਵੇਂ ਕਿ ਨੀਂਦ, ਪੌਸ਼ਟਿਕ ਭੋਜਨ ਅਤੇ ਕਸਰਤ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਆਉ ਇਨ੍ਹਾਂ ਤਿੰਨਾਂ ਚੀਜ਼ਾਂ ਵਾਰੇ ਥੋੜ੍ਹਾ ਹੋਰ ਜਾਣੀਏ।

***ਨੀਂਦ:** ਸਾਡੀ ਮਾਨਸਿਕ ਤੰਦਰੁਸਤੀ ਸਾਡੀ ਨੀਂਦ ਦਾ ਅਸਰ ਕਬੂਲਦੀ ਹੈ। ਜੇਕਰ ਅਸੀਂ ਲੋੜ ਅਨੁਸਾਰ ਸਹੀ ਸਮੇਂ ਲਈ ਸੌਂ ਨਹੀਂ ਸਕਦੇ, ਤਾਂ ਸਾਡੇ ਦਿਮਾਗ ਨੂੰ ਆਰਾਮ ਕਰਨ ਅਤੇ ਤਰੋ-ਤਾਜ਼ਾ ਹੋਣ ਦਾ ਮੌਕਾ ਨਹੀਂ ਮਿਲਦਾ। ਉਨੀਂਦਰਾ ਚਿੜਚਿੜੇ ਸੁਭਾਅ ਦੀ ਜੜ੍ਹ ਹੈ। ਨੀਂਦ ਦੀ ਘਾਟ ਸਾਨੂੰ ਭਾਵਨਾਵਾਂ ਨੂੰ ਕਾਬੂ ਹੇਠ ਰੱਖਣ ਅਤੇ ਤਣਾਅ ਨੂੰ ਘੱਟ ਕਰਨ ਵਿੱਚ ਅੜਚਣ ਬਣਦੀ ਹੈ। ਫਲਸਰੂਪ ਮਾਨਸਿਕ ਅਰੋਗਤਾ ਭੰਗ ਹੋ ਜਾਂਦੀ ਹੈ। ਸਮੇਂ ਸਿਰ ਸੌਣਾ ਤੇ ਸਹੀ ਮਾਤਰਾ ਵਿੱਚ ਨੀਂਦ ਲੈਣਾ, ਮਾਨਸਿਕ ਤੰਦਰੁਸਤੀ ਦੇ ਬਣੇ ਰਹਿਣ ਲਈ ਇੱਕ ਸਧਾਰਨ ਤੇ ਸਹਿਜ ਤਰੀਕਾ ਹੈ।












***ਪੌਸ਼ਟਿਕ ਭੋਜਨ:** ਸਾਡੇ ਸਰੀਰ ਦੇ ਸਹੀ ਢੰਗ ਨਾਲ ਕੰਮ ਕਰਨ ਲਈ ਪੌਸ਼ਟਿਕ ਭੋਜਨ ਅਤੇ ਪਾਣੀ ਦੀ ਲੋੜ ਅਤਿ ਜ਼ਰੂਰੀ ਹੈ। ਤੰਦਰੁਸਤ ਸਰੀਰ ਹੀ ਤੰਦਰੁਸਤ ਮਨ ਦਾ ਟਿਕਾਣਾ ਹੁੰਦਾ ਹੈ। ਸੰਤੁਲਿਤ ਭੋਜਨ ਖਾਣ ਦੇ ਨਾਲ ਨਾਲ ਮਨ-ਭਾਉਂਦੇ ਖਾਣੇ ਦਾ ਸੇਵਨ ਸਾਡੀ ਖੁਸ਼ੀ ਵਿੱਚ ਵਾਧਾ ਕਰਦਾ ਹੈ। ਧਿਆਨ ਰੱਖੋ ਕਿ ਕਿ ਤੁਸੀਂ ਕਾਫ਼ੀ ਪਾਣੀ ਪੀਂਦੇ ਹੋ। ਸਰੀਰ ਵਿੱਚ ਪਾਣੀ ਦੀ ਸਹੀ ਮਾਤਰਾ ਚਿੰਤਾ ਅਤੇ ਉਦਾਸੀ ਨੂੰ ਘੱਟ ਕਰਦੀ ਹੈ।

***ਕਸਰਤ:** ਚੁਸਤੀ-ਫੁਰਤੀ ਸਾਡੀ ਮਨੋਦਸ਼ਾ ਨੂੰ ਚੰਗਾ ਬਣਾਉਣ ਅਤੇ ਸਾਨੂੰ ਚੰਗਾ ਮਹਿਸੂਸ ਕਰਾਉਣ ਵਿੱਚ ਮਦਦ ਕਰਦੀ ਹੈ। ਹਰ ਦਿਨ ਕਸਰਤ ਕਰਨ ਨਾਲ ਜਿੱਥੇ ਸਿਹਤ ਠੀਕ ਰਹਿੰਦੀ ਹੈ, ਉਥੇ ਹੋਰਨਾਂ ਨਾਲ ਮੇਲ-ਮਿਲਾਪ ਕਰਨ ਲਈ ਜੀਅ ਕਰਦਾ ਹੈ। ਚਿੰਤਾ ਘਟਦੀ ਹੈ ਤੇ ਆਤਮ ਵਿਸ਼ਵਾਸ ਵਿੱਚ ਵਾਧਾ ਹੁੰਦਾ ਹੈ। ਸਾਧਾਰਨ ਕਰ ਕੇ ਭਾਰੀ ਲਿਫਟਿੰਗ ਜਾਂ ਤੀਬਰ ਕਸਰਤ ਕਰਨ ਦੀ ਲੋੜ ਨਹੀਂ ਹੁੰਦੀ। ਨਿਯਮਿਤ ਸੈਰ ਜਾਂ ਸਾਈਕਲ ਦੀ ਸਵਾਰੀ ਵੀ ਸਾਡੀ ਮਾਨਸਿਕ ਸਿਹਤ ਨੂੰ ਚੰਗਾ ਬਣਾਉਣ ਦੇ ਸਮਰਥ ਹੁੰਦੀ ਹੈ।

**4. ਸੋਸ਼ਲ ਮੀਡੀਆ ਦੀ ਵਰਤੋਂ ਦਾ ਸਮਾਂ ਸੀਮਤ ਰੱਖੋ।**

ਮੋਬਾਇਲ ਫ਼ੋਨ ਸਾਡੇ ਰੋਜ਼ਾਨਾ ਜੀਵਨ ਦਾ ਇੱਕ ਅਹਿਮ ਅੰਗ ਬਣ ਚੁਕਾ ਹੈ। ਬਹੁਤ ਸਮਾਂ, ਉਹ ਸਾਡੇ ਕੋਲ ਹੀ ਹੁੰਦੇ ਹਨ ਅਤੇ ਕਾਲਾਂ, ਟੈਕਸਟ ਅਤੇ ਸੋਸ਼ਲ ਮੀਡੀਆ ਰਾਹੀਂ ਸਾਨੂੰ ਬਾਹਰੀ ਦੁਨੀਆ ਨਾਲ ਜੋੜੀ ਰੱਖਦੇ ਹਨ। ਸੋਸ਼ਲ ਮੀਡੀਆ ਨੂੰ ਸਕ੍ਰੋਲ ਕਰਨ ਵਿੱਚ ਬਿਤਾਇਆ ਸਮਾਂ, ਲੋਕਾਂ ਵਲੋਂ ਪੋਸਟ ਕੀਤੇ ਗਏ ਸੁਨੇਹੇ, ਰਚਨਾਵਾਂ, ਖ਼ਬਰਾਂ ਤੇ ਟਿਕਟਾਕ ਆਦਿ ਸਾਡੀ ਸੋਚ ਤੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੇ ਹਨ। ਸੋਸ਼ਲ ਮੀਡੀਆ ਨੂੰ ਜਾਂਚਣ ਲਈ ਇਸ ਵਿੱਚ ਲੋੜੋਂ ਵੱਧ ਬਿਤਾਇਆ ਸਮਾਂ ਸਾਡੀ ਮਾਨਸਿਕ ਤੰਦਰੁਸਤੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਚਿੰਤਾ, ਉਦਾਸੀ, ਦਿਮਾਗੀ ਪ੍ਰੇਸ਼ਾਨੀ, ਬੁਰੀਆਂ ਆਦਤਾਂ, ਅਸਫਲਤਾ ਦੀ ਭਾਵਨਾ ਅਤੇ ਨੀਂਦ ਨਾ ਆਉਣ ਵਰਗੇ ਲੱਛਣ ਅਕਸਰ ਦੇਖੇ ਗਏ ਹਨ।

ਲੋੜ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ ਅਜਿਹੇ ਤਰੀਕੇ ਨਾਲ ਕੀਤੀ ਜਾਵੇ, ਜਿਸ ਨਾਲ ਮਾਨਸਿਕ ਸਿਹਤ ਖਰਾਬ ਨਾ ਹੋਵੇ। ਸੋਸ਼ਲ ਮੀਡੀਆ ਦੀ ਵਰਤੋਂ ਹੇਠ ਲਿਖੇ ਢੰਗ ਨਾਲ ਕਰਨੀ ਲਾਭਕਾਰੀ ਹੁੰਦੀ ਹੈ:

*ਸੋਸ਼ਲ ਮੀਡੀਆ ਦੀ ਵਰਤੋਂ ਦੇ ਸਮੇਂ ਨੂੰ ਸੀਮਤ ਰੱਖੋ।

*ਆਪਣੇ ਦਿਨ ਦੀ ਸ਼ੁਰੂਆਤ ਜਾਂ ਅੰਤ ਸੋਸ਼ਲ ਮੀਡੀਆ ਦੀ ਵਰਤੋਂ ਨਾਲ ਨਾ ਕਰੋ।

*ਸੋਸ਼ਲ ਮੀਡੀਆ ਦੀ ਵਰਤੋਂ ਤੋਂ ਬਚਾਏ ਸਮੇਂ ਨੂੰ ਕੁਝ ਅਜਿਹਾ ਕਰਨ ਲਈ ਵਰਤੋ, ਜਿਸ ਨਾਲ ਤੁਹਾਨੂੰ ਖੁਸ਼ੀ ਜਾਂ ਆਰਾਮ ਮਿਲੇ।

**5. ਰੋਜ਼ਾਨਾ ਡਾਇਰੀ ਲਿਖਣ ਦਾ ਸ਼ੌਕ ਬਣਾਓ।**

ਮਾਨਸਿਕ ਤੰਦਰੁਸਤੀ ਵਿੱਚ ਗੜਬੜੀ ਦੀ ਰੋਕਥਾਮ ਲਈ ਆਪਣੀਆਂ ਭਾਵਨਾਵਾਂ ਤੇ ਵਿਚਾਰਾਂ ਨੂੰ ਲਿਖਤੀ ਰੂਪ ਦੇਣਾ ਇੱਕ ਲਾਭਦਾਇਕ ਢੰਗ ਹੈ। ਸੰਨ 2018 ਵਿੱਚ ਕੀਤੇ ਗਏ ਖੋਜ ਕਾਰਜਾਂ ਤੋਂ ਪਤਾ ਲੱਗਾ ਹੈ ਕਿ ਹਰ ਰੋਜ਼ 15 ਮਿੰਟ ਲਈ ਡਾਇਰੀ ਲਿਖਣ ਨਾਲ ਤਣਾਅ ਅਤੇ ਚਿੰਤਾ ਦੀਆਂ ਭਾਵਨਾਵਾਂ ਵਿੱਚ ਕਾਫ਼ੀ ਕਮੀ ਆਉਂਦੀ ਹੈ। ਕੁਝ ਹੋਰ ਖੋਜਾਂ ਤੋਂ ਪਤਾ ਲੱਗਾ ਹੈ ਕਿ ਅਜਿਹਾ ਕਾਰਜ ਸਦਮੇ ਵਿੱਚੋਂ ਨਿਕਲਣ ਤੇ ਉਦਾਸੀ ਘੱਟ ਕਰਨ ਵਿੱਚ ਮਦਦ ਕਰਦਾ ਹੈ।

ਡਾਇਰੀ ਲਿਖਣ ਦਾ ਕੋਈ ਸਹੀ ਜਾਂ ਗਲਤ ਤਰੀਕਾ ਜਾਂ ਸਮਾਂ ਨਹੀਂ ਹੁੰਦਾ। ਬਹੁਤ ਸਾਰੇ ਲੋਕ ਹਰ ਰੋਜ਼ ਡਾਇਰੀ ਲਿਖਦੇ ਹਨ। ਕਈ ਲੋਕ ਉਦੋਂ ਹੀ ਡਾਇਰੀ ਲਿਖਦੇ ਹਨ, ਜਦੋਂ ਉਹ ਤਣਾਅ ਵਾਲੀ ਹਾਲਤ ਵਿੱਚ ਹੁੰਦੇ ਹਨ ਜਾਂ ਉਹ ਆਪਣੀਆਂ ਚਿੰਤਾਵਾਂ ਨੂੰ ਜ਼ਾਹਿਰ ਕਰਨਾ ਚਾਹੁੰਦੇ ਹਨ। ਭਾਵੇਂ ਕੋਈ ਕਿਵੇਂ ਵੀ ਇਸ ਢੰਗ ਦੀ ਵਰਤੋਂ ਕਰੇ, ਪਰ ਇਸ ਤਰੀਕੇ ਦੀ ਵਰਤੋਂ ਨਾਲ ਉਹ ਸਮੇਂ ਦੇ ਗੁਜ਼ਰਨ ਨਾਲ ਆਪਣੀ ਮਾਨਸਿਕ ਹਾਲਤ ਵਿੱਚ ਤਬਦੀਲੀ ਦੀ ਨਜ਼ਰਸਾਨੀ ਕਰ ਸਕਦਾ ਹੈ।

**6. ਸ਼ੁਕਰਾਨੇ ਵਾਲਾ ਰਵੱਈਆ ਅਪਨਾਓ।**

ਸ਼ੁਕਰਾਨੇ ਵਾਲਾ ਰਵੱਈਆ, ਸਾਨੂੰ ਜੀਵਨ ਬਾਰੇ ਸਾਕਾਰਾਤਮਕ ਨਜ਼ਰੀਏ ਦਾ ਧਾਰਨੀ ਬਣਾਉਂਦਾ ਹੈ। ਅਜਿਹਾ ਨਜ਼ਰੀਆ ਮਾਨਸਿਕ ਸਿਹਤ ਲਈ ਬਹੁਤ ਲਾਭਦਾਇਕ ਹੁੰਦਾ ਹੈ। ਸ਼ੁਕਰਾਨੇ ਵਾਲਾ ਰਵਈਆ ਮਾਨਸਿਕ ਤਣਾਅ ਘੱਟ ਕਰਨ, ਉਦਾਸੀ ਦੂਰ ਕਰਨ ਅਤੇ ਸਾਡੀ ਮਨੋਦਸ਼ਾ ਨੂੰ ਵਧੀਆ ਕਰਨ ਵਿੱਚ ਮਦਦ ਕਰਦਾ ਹੈ। ਸ਼ੁਕਰਾਨੇ ਦੀ ਭਾਵਨਾ ਰੱਖਣਾ ਇੱਕ ਸੌਖੀ ਜਿਹੀ ਗੱਲ ਜਾਪਦੀ ਹੈ, ਪਰ ਕਈ ਵਾਰ ਇਸ ਨੂੰ ਕਾਇਮ ਰੱਖਣਾ ਕਾਫ਼ੀ ਔਖਾ ਲਗਦਾ ਹੈ। ਕਦੇ ਕਦੇ ਸਵੈ-ਚਿੰਤਨ ਜ਼ਰੂਰ ਕਰੋ ਅਤੇ ਆਪਣੇ ਇਰਦ-ਗਿਰਦ ਦੇ ਲੋਕਾਂ ਨਾਲ ਆਪਣੀ ਸ਼ੁਕਰਗੁਜ਼ਾਰੀ ਜਰੂਰ ਸਾਂਝੀ ਕਰੋ। ਜੇ ਤੁਸੀਂ ਲਿਖਣਾ ਪਸੰਦ ਕਰਦੇ ਹੋ, ਤਾਂ ਬਾਕਾਇਦਗੀ ਨਾਲ ਉਨ੍ਹਾਂ ਚੀਜ਼ਾਂ ਦੀ ਸੂਚੀ ਬਣਾਓ, ਜਿਨ੍ਹਾਂ ਲਈ ਤੁਸੀਂ ਸ਼ੁਕਰਗੁਜ਼ਾਰ ਹੋ।

**7. ਕਦੇ ਕਦੇ ਹੱਸਣਾ ਜ਼ਰੂਰ ਚਾਹੀਦਾ।**

ਹਾਸਾ ਸਭ ਤੋਂ ਵਧੀਆ ਦਵਾਈ ਹੈ। ਜਦੋਂ ਤੁਸੀਂ ਤਣਾਅ ਜਾਂ ਉਦਾਸੀ ਮਹਿਸੂਸ ਕਰ ਰਹੇ ਹੋ, ਤਾਂ ਅਜਿਹੇ ਸਮੇਂ ਅਜਿਹੇ ਕੰਮ ਕਰੋ ਜੋ ਤੁਹਾਨੂੰ ਹੱਸਣ ਦਾ ਮੌਕਾ ਦੇਣ। ਆਪਣਾ ਮੂਡ ਠੀਕ ਕਰਨ ਲਈ ਮਨਪਸੰਦ ਟੀ.ਵੀ. ਸ਼ੋਅ ਜਾਂ ਫ਼ਿਲਮ ਦੇਖੋ। ਜਾਂ ਮਨਚਾਹਿਆ ਕੋਈ ਹੋਰ ਕੰਮ ਵੀ ਕਰ ਸਕਦੇ ਹੋ ਜਿਵੇਂ ਕਿ ਕਲੱਬ ਜਾਣਾ ਜਾਂ ਦੋਸਤਾਂ ਦੀ ਮਹਿਫ਼ਿਲ ਦਾ ਆਨੰਦ ਮਾਣਨਾ। ਨਹਾਉਂਦੇ ਸਮੇਂ ਗਾਣਾ ਗਾ ਕੇ ਅਤੇ ਘਰ ਦੀ ਸਫਾਈ ਕਰਦੇ ਸਮੇਂ ਡਾਂਸ ਕਰ ਕੇ ਵੀ ਮਨ ਨੂੰ ਚੜ੍ਹਦੀ ਕਲਾ ਵਿੱਚ ਲਿਆ ਸਕਦੇ ਹੋ। ਡਾਂਸ ਕਰਨ ਨਾਲ ਸਰੀਰ 'ਚ ਤਣਾਅ ਵਾਲੇ ਹਾਰਮੋਨ (ਕੋਰਟੀਸੋਲ) ਘੱਟ ਜਾਂਦੇ ਹਨ।

ਮਾਨਸਿਕ ਸਿਹਤ ਨੂੰ ਸੁਧਾਰਨਾ ਇੱਕ ਲਗਾਤਾਰ ਕੋਸ਼ਿਸ਼ ਹੈ; ਇਹ ਰਾਤੋਂ ਰਾਤ ਨਹੀਂ ਵਾਪਰਦੀ। ਆਪਣੀਆਂ ਆਦਤਾਂ ਵਿੱਚ ਸੁਯੋਗ ਤਬਦੀਲੀ ਕਰਦੇ ਹੋਏ ਅਸੀਂ ਆਪਣੀ ਸਰੀਰਕ ਤੇ ਮਾਨਸਿਕ ਸਿਹਤ ਵਿੱਚ ਸਥਾਈ ਸੁਧਾਰ ਕਰ ਸਕਦੇ ਹਾਂ।



ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਇਸ ਕਾਲਮ ਵਿੱਚ ਲੇਖਕ ਨੇ ਆਪਣੀ ਗੱਲਬਾਤ, ਪਹਿਰਾਵੇ ਅਤੇ ਵਰਤਾਓ ਵਿੱਚ ਮਝੈਲਾਂ ਆਲੀ ਰੜਕ, ਬੜ੍ਹਕ ਤੇ ਮੜ੍ਹਕ ਰੱਖਣ ਵਾਲੇ ਉੱਡਣੇ ਬਾਜ਼ ਗੁਰਬਚਨ ਸਿੰਘ ਰੰਧਾਵਾ ਦਾ ਕਿੱਸਾ ਛੋਹਿਆ ਹੈ।

## ਖਿਡਾਰੀ ਪੰਜ-ਆਬ ਦੇ (5)

ਨਵਦੀਪ ਸਿੰਘ ਗਿੱਲ
ਫੋਨ: +91-9780036216



# 'ਉੱਡਣਾ ਬਾਜ਼' ਓਲੰਪੀਅਨ ਗੁਰਬਚਨ ਸਿੰਘ ਰੰਧਾਵਾ

ਗੁਰਬਚਨ ਸਿੰਘ ਰੰਧਾਵਾ ਭਾਰਤੀ ਅਥਲੈਟਿਕਸ ਦੀ ਪੱਗ ਦਾ ਸਿਖਰਲਾ ਲੜ ਹੈ, ਜੋ ਏਸ਼ੀਆ ਦਾ ਬੈਸਟ ਅਥਲੀਟ, ਰਾਸ਼ਟਰਮੰਡਲ ਦਾ ਰਿਕਾਰਡ ਹੋਲਡਰ ਅਤੇ ਓਲੰਪਿਕ ਖੇਡਾਂ ਦੀ ਫਾਈਨਲ ਹਰਡਲ ਦੌੜ ਭੱਜਣ ਵਾਲਾ ਪਹਿਲਾ ਏਸ਼ੀਅਨ ਹੈ। ਓਲੰਪਿਕ ਖੇਡਾਂ ਵਿੱਚ ਉਹ ਪੰਜਵੇਂ ਨੰਬਰ 'ਤੇ ਰਿਹਾ, ਏਸ਼ਿਆਈ ਖੇਡਾਂ ਦਾ ਸੋਨ ਤਮਗਾ ਜਿੱਤਿਆ, ਭਾਰਤ ਵਿੱਚ ਦੋ ਦਿਨਾਂ ਅੰਦਰ ਚਾਰ ਕੌਮੀ ਰਿਕਾਰਡ ਬਣਾਏ ਅਤੇ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਲਗਾਤਾਰ ਛੇ ਸਾਲ ਹੋਮ ਮਨਿਸਟਰ ਮੈਡਲ ਜਿੱਤਿਆ। ਟਰੈਕ ਤੇ ਫੀਲਡ ਈਵੈਂਟਾਂ ਦਾ ਸ਼ਾਹ ਅਸਵਾਰ ਇਹ ਅਥਲੀਟ ਦੇਸ਼ ਦਾ ਪਹਿਲਾ ਅਥਲੀਟ ਹੈ, ਜਿਸ ਨੂੰ ਅਰਜੁਨਾ ਐਵਾਰਡ ਮਿਲਿਆ। ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਦੇਸ਼ ਦਾ ਸਰਵਉੱਚ ਚੌਥਾ ਨਾਗਰਿਕ ਸਨਮਾਨ ਪਦਮਸ਼੍ਰੀ ਅਤੇ ਪੰਜਾਬ ਸਰਕਾਰ ਨੇ ਖੇਡਾਂ ਦੇ ਸਭ ਤੋਂ ਵੱਡੇ ਪੁਰਸਕਾਰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਵੀ ਸਨਮਾਨਤ ਕੀਤਾ। ਸੀ.ਆਰ.ਪੀ.ਐਫ. ਵਿੱਚ ਸੇਵਾਵਾਂ ਨਿਭਾਉਣ ਬਦਲੇ ਉਸ ਨੂੰ ਰਾਸ਼ਟਰਪਤੀ ਪੁਲਿਸ ਮੈਡਲ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਖੇਡਾਂ ਦੇ ਖੇਤਰ ਵਿੱਚ ਸਭ ਤੋਂ ਵੱਡਾ ਪੁਰਸਕਾਰ ਮਾਕਾ ਟਰਾਫੀ ਜਿਤਾਉਣ ਬਦਲੇ ਪੀਐਚ.ਡੀ. ਤੇ ਫੈਲੋਸ਼ਿਪ ਦੀ ਡਿਗਰੀ ਮਿਲੀ।

ਗੁਰਬਚਨ ਸਿੰਘ ਰੰਧਾਵਾ ਹਰਡਲਾਂ ਦੌੜ ਕੇ ਨਹੀਂ, ਉੱਡ ਕੇ ਹੀ ਪਾਰ ਕਰਦਾ ਸੀ। ਖੇਡ ਪ੍ਰਾਪਤੀਆਂ ਵਿੱਚ ਉਹ ਜੇ ਮਿਲਖਾ ਸਿੰਘ ਤੋਂ ਉਪਰ ਨਹੀਂ ਤਾਂ ਘੱਟ ਵੀ ਨਹੀਂ ਹਨ। ਤ੍ਰਾਸਦੀ ਇਹ ਹੈ ਕਿ ਉਨ੍ਹਾਂ ਨੂੰ ਮਿਲਖਾ ਸਿੰਘ ਜਿੰਨੀ ਪ੍ਰਸਿੱਧੀ ਨਹੀਂ ਮਿਲੀ। ਇਸੇ ਰੰਜ ਦੇ ਚੱਲਦਿਆਂ ਇਕੇਰਾਂ ਕੋਟਲਾ ਸ਼ਾਹੀਆ (ਬਟਾਲਾ) ਵਿਖੇ ਕਮਲਜੀਤ ਖੇਡਾਂ ਦੌਰਾਨ ਪ੍ਰਸਿੱਧ ਕਵੀ ਪ੍ਰੋ. ਗੁਰਭਜਨ ਸਿੰਘ ਗਿੱਲ ਹੁਰਾਂ ਨੇ ਮੈਨੂੰ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ ਲਿਖਣ ਲਈ ਆਖਿਆ। ਕੋਵਿਡ ਮਹਾਂਮਾਰੀ ਦੇ ਦੌਰ ਵਿੱਚ ਲਾਕਡਾਊਨ ਸਮੇਂ ਮੈਂ ਉਨ੍ਹਾਂ ਦੀ 300 ਪੰਨਿਆਂ ਦੀ ਜੀਵਨੀ ਲਿਖੀ ਅਤੇ ਜਦੋਂ ਟਾਈਟਲ ਰੱਖਣ ਦੀ ਵਾਰੀ ਆਈ ਤਾਂ 'ਉੱਡਣਾ ਬਾਜ਼' ਤੋਂ ਢੁੱਕਵਾਂ ਨਾਮ ਨਹੀਂ ਮਿਲਿਆ। 14 ਨਵੰਬਰ 2021 ਨੂੰ ਚੰਡੀਗੜ੍ਹ ਵਿਖੇ ਰਿਲੀਜ਼ ਕੀਤੀ ਗਈ 'ਉੱਡਣਾ ਬਾਜ਼' ਨੂੰ ਖੇਡ ਤੇ ਸਾਹਿਤ ਜਗਤ ਤੋਂ ਭਰਵਾਂ ਹੁੰਗਾਰਾ ਮਿਲਿਆ।

ਗੁਰਬਚਨ ਸਿੰਘ ਰੰਧਾਵਾ ਦਾ ਜਨਮ 6 ਜੂਨ 1939 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਨੰਗਲੀ (ਨੇੜੇ ਚੌਕ ਮਹਿਤਾ) ਵਿਖੇ ਸ. ਟਹਿਲ ਸਿੰਘ ਰੰਧਾਵਾ ਦੇ ਗ੍ਰਹਿ ਮਾਤਾ ਧਨਵੰਤ ਕੌਰ ਦੀ ਕੁੱਖੋਂ ਹੋਇਆ। ਉਸ ਦੇ ਪਿਤਾ ਸ. ਟਹਿਲ ਸਿੰਘ ਰੰਧਾਵਾ ਆਪਣੇ ਸਮੇਂ ਦੇ ਪ੍ਰਸਿੱਧ ਅਥਲੀਟ ਸਨ। ਖਾਲਸਾ ਕਾਲਜ ਵਿੱਚ ਪੜ੍ਹਦਿਆਂ ਗੁਰਬਚਨ ਸਿੰਘ ਨੇ ਆਪਣੇ ਪਿਤਾ ਦਾ ਪੁਰਾਣਾ ਰਿਕਾਰਡ ਤੋੜਿਆ। ਵੱਡਾ ਭਰਾ ਹਰਭਜਨ ਸਿੰਘ ਰੰਧਾਵਾ ਐਨ.ਆਈ.ਐਸ. ਪਟਿਆਲਾ ਤੋਂ ਚੀਫ ਕੋਚ ਰਿਟਾਇਰ ਹੋਇਆ। ਛੋਟਾ ਭਰਾ ਜਗਦੇਵ ਸਿੰਘ ਪੋਲਵਾਲਟ ਤੇ ਵਾਲੀਬਾਲ ਦਾ ਖਿਡਾਰੀ ਰਿਹਾ, ਜਿਸ ਨੇ ਅੱਗੇ ਜਾ ਕੇ ਪਿੰਡ ਦੀ ਸਰਪੰਚੀ ਵੀ ਕੀਤੀ। ਉਨ੍ਹਾਂ ਦੀ ਪਤਨੀ ਜਸਵਿੰਦਰ ਕੌਰ ਵੀ ਡਿਸਕਸ ਥਰੋਅ ਤੇ ਸ਼ਾਟਪੁੱਟ ਵਿੱਚ ਕੌਮੀ ਪੱਧਰ ਦੀ ਅਥਲੀਟ ਰਹੀ ਹੈ। ਜਸਵਿੰਦਰ ਕੌਰ ਦੇ ਦੋਵੇਂ ਭਰਾ ਬਲਰਾਜ ਸੰਧੂ ਤੇ ਜਸਕਰਨ ਸੰਧੂ ਵੀ ਅਥਲੀਟ ਰਹੇ, ਜਦੋਂ ਕਿ ਪਿਤਾ ਕਰਮ ਸਿੰਘ ਸੰਧੂ ਤੈਰਾਕੀ ਅਤੇ ਦਾਦਾ ਕੁਸ਼ਤੀ ਖੇਡਦੇ ਰਹੇ। ਗੁਰਬਚਨ ਸਿੰਘ ਰੰਧਾਵਾ ਤੇ ਜਸਵਿੰਦਰ ਕੌਰ ਦਾ ਪੁੱਤਰ ਰਣਜੀਤ ਸਿੰਘ ਰੰਧਾਵਾ ਵੀ 110 ਮੀਟਰ ਹਰਡਲਜ਼ ਦੌੜਦਾ ਰਿਹਾ, ਜੋ ਕੰਪਿਊਟਰ ਸਾਇੰਸ ਤੇ ਇੰਟਰਨੈਸ਼ਨਲ ਰਿਲੇਸ਼ਨਜ਼ ਦੀ ਮਾਸਟਰ ਡਿਗਰੀ ਕਰਨ ਤੋਂ ਬਾਅਦ ਅਮਰੀਕਾ ਵਿੱਚ ਸੈੱਟ ਹੋ ਗਿਆ ਸੀ।



■ ਡਾ. ਏ.ਪੀ.ਜੇ. ਅਬਦੁਲ ਕਲਾਮ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ ਸ. ਰੰਧਾਵਾ

1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਤੋਂ ਪਹਿਲਾਂ ਉਹ ਮੋਢੇ ਤੇ ਕੂਹਣੀ ਦੀ ਸੱਟ ਤੋਂ ਬਹੁਤ ਪ੍ਰੇਸ਼ਾਨ ਸੀ। ਕੋਚ ਜੋਗਿੰਦਰ ਸਿੰਘ ਸੈਣੀ ਦੀ ਹੱਲਾਸ਼ੇਰੀ ਨਾਲ ਉਸ ਨੇ ਡਿਕੈਥਲਨ ਜਿੱਤ ਕੇ ਏਸ਼ਿਆਈ ਖੇਡਾਂ ਦੇ ਬੈਸਟ ਅਥਲੀਟ ਦਾ ਖਿਤਾਬ ਜਿੱਤਿਆ। ਜਕਾਰਤਾ ਤੋਂ ਵਾਪਸ ਆ ਕੇ ਗੁਰਬਚਨ ਨੇ ਮੋਢੇ ਦੀਆਂ ਸੱਟਾਂ ਕਾਰਨ ਥਰੋਅ ਈਵੈਂਟ ਛੱਡਣ ਦਾ ਮਨ ਬਣਾਇਆ, ਜਿਸ ਕਰਕੇ ਉਸ ਨੇ ਡਿਕੈਥਲਨ ਦੀ ਬਜਾਏ ਸਿਰਫ 110 ਮੀਟਰ ਹਰਡਲਜ਼ ਦੌੜ ਨੂੰ ਹੀ ਅਪਨਾਉਣ ਦਾ ਮਨ ਬਣਾ ਲਿਆ। 1964 ਦੀਆਂ ਟੋਕੀਓ ਓਲੰਪਿਕਸ ਤੋਂ ਪਹਿਲਾਂ ਉਸ ਨੇ ਯੂਰਪ ਦੇ ਦੌਰੇ ਉਤੇ 9 ਵਿੱਚੋਂ 8 ਮੀਟਾਂ ਜਿੱਤੀਆਂ।

ਟੋਕੀਓ ਓਲੰਪਿਕਸ ਵਿੱਚ ਉਹ ਭਾਰਤੀ ਟੀਮ ਦਾ ਕਪਤਾਨ ਅਤੇ ਉਦਘਾਟਨੀ ਸਮਾਰੋਹ ਵਿੱਚ ਉਹ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਸੀ। ਸੈਮੀ ਫਾਈਨਲ ਲਈ ਉਹ ਜਦ ਕੁਆਲੀਫਾਈ ਹੋਇਆ ਤਾਂ ਪਾਕਿਸਤਾਨ ਦੇ ਗੁਲਾਮ ਰਾਜ਼ਿਕ ਨੇ ਗੁਰਬਚਨ ਕੋਲ ਆ ਕੇ ਤੰਜ ਕੱਸਦਿਆਂ ਕਿਹਾ, "ਸੈਮੀ ਫਾਈਨਲ ਵਿੱਚ ਤਾਂ ਔਖਾ ਸੌਖਾ ਪਹੁੰਚ ਗਿਆ, ਪਰ ਉਥੇ ਫਾਡੀ ਆਵੇਗਾ।" ਸੈਮੀ ਫਾਈਨਲ ਦੌੜ ਵਾਲੇ ਦਿਨ ਹੱਡ ਚੀਰਵੀਂ ਠੰਡ ਵਿੱਚ ਗੁਰਬਚਨ ਨੇ ਆਪਣੇ ਖੇਡ ਜੀਵਨ ਦਾ ਬਿਹਤਰ ਸਮਾਂ 14 ਸਕਿੰਟ ਕੱਢਦਿਆਂ ਦੂਜੇ ਨੰਬਰ 'ਤੇ ਆ ਕੇ ਫਾਈਨਲ ਦੀ ਟਿਕਟ ਕਟਾਈ। ਓਲੰਪਿਕਸ ਇਤਿਹਾਸ ਵਿੱਚ ਇਸ ਈਵੈਂਟ ਦੇ ਫਾਈਨਲ ਵਿੱਚ ਪੁੱਜਣ ਵਾਲਾ ਉਹ ਏਸ਼ੀਆ ਦਾ ਪਹਿਲਾ ਅਥਲੀਟ ਸੀ। ਉਸ ਨੇ ਕੌਮੀ, ਏਸ਼ੀਆ ਅਤੇ ਰਾਸ਼ਟਰਮੰਡਲ- ਤਿੰਨੋਂ ਖੇਡਾਂ ਦਾ ਰਿਕਾਰਡ ਬਣਾਇਆ। ਫਾਈਨਲ ਦੋ ਘੰਟਿਆਂ ਬਾਅਦ ਹੀ ਸੀ ਅਤੇ ਉਸ ਕੋਲ ਇੱਕੋ ਹੀ ਬੂਟ, ਬੁਨੈਨ, ਨਿੱਕਰ ਤੇ ਜ਼ੁਰਾਬਾਂ ਦਾ ਜੋੜਾ ਸੀ, ਜੋ ਮੀਂਹ ਕਾਰਨ ਬੁਰੀ ਤਰ੍ਹਾਂ ਭਿੱਜ ਗਿਆ ਸੀ। ਗੁਰਬਚਨ ਨੂੰ ਤੰਜ ਕੱਸਣ ਵਾਲਾ ਪਾਕਿਸਤਾਨੀ ਅਥਲੀਟ ਰਾਜ਼ਿਕ ਨੇ ਨਾ ਸਿਰਫ ਸ਼ਾਬਾਸ਼ੀ ਦਿੱਤੀ, ਸਗੋਂ ਮਾਲਸ਼ ਕਰਕੇ ਉਸ ਨੂੰ ਫਾਈਨਲ ਲਈ ਤਿਆਰ ਵੀ ਕੀਤਾ। ਫਾਈਨਲ ਵਿੱਚ ਉਹ ਸੱਤਵੇਂ ਨੰਬਰ ਉਤੇ ਸੀ। ਆਖਰ ਵਿੱਚ ਮਾਰੇ ਹੰਭਲੇ ਨੇ ਉਸ ਨੂੰ ਪੰਜਵੇਂ ਨੰਬਰ 'ਤੇ ਲੈ ਆਂਦਾ ਅਤੇ ਸਮਾਂ ਉਹੀ ਸੈਮੀ ਫਾਈਨਲ ਵਾਲਾ 14 ਸਕਿੰਟ ਕੱਢਿਆ।

ਗੁਰਬਚਨ ਸਿੰਘ ਰੰਧਾਵਾ ਨੇ ਔਖੀਆਂ ਹਾਲਤਾਂ ਵਿੱਚ ਵੀ ਚੰਗਾ ਪ੍ਰਦਰਸ਼ਨ ਕੀਤਾ। 1964 ਵਿੱਚ ਜਲੰਧਰ ਵਿਖੇ ਭਾਰਤ-ਜਰਮਨੀ ਅਥਲੈਟਿਕਸ ਮੀਟ ਦਾ ਮੁਕਾਬਲਾ ਸੀ। ਉਸ ਦੇ ਪੈਰ ਦਾ ਛਾਲਾ ਫੁੱਟਣ ਕਰਕੇ ਬੂਟ ਵੀ ਨਹੀਂ ਪਾਏ ਜਾ ਰਹੇ ਸਨ। ਜਲੰਧਰ ਵਿਖੇ ਮੁਕਾਬਲਾ ਦੇਖਣ ਲਈ ਉਸ ਦੇ ਪਿੰਡ ਨੰਗਲੀ ਤੋਂ ਵੱਡੇ ਭਰਾ ਅਤੇ ਪਿੰਡ ਵਾਸੀ ਆਏ ਹੋਏ ਸਨ। ਪਿੰਡ ਵਾਲਿਆਂ ਦੀ ਲਾਜ ਰੱਖਣ ਲਈ ਉਹ ਔਖਾ-ਸੌਖਾ ਬੂਟ ਪਾ ਕੇ ਟਰੈਕ ਉਤੇ ਉਤਰ ਆਇਆ। ਟਰੈਕ ਉਤੇ ਉਹ ਫੇਰ ਵਾਵਰੋਲਾ ਬਣ ਕੇ ਦੌੜਿਆ ਅਤੇ ਓਲੰਪਿਕਸ ਤੋਂ ਬਾਅਦ ਦੂਜੀ ਵਾਰ 14 ਸਕਿੰਟ ਦਾ ਸਮਾਂ ਕੱਢ ਕੇ ਸੋਨੇ ਦਾ ਤਮਗਾ ਜਿੱਤਿਆ।


ਤ੍ਰਿਵੇਂਦਰਮ ਵਿਖੇ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਉਸ ਨੇ ਸਖਤ ਬਿਮਾਰ ਹੋਣ ਦੇ ਬਾਵਜੂਦ 110 ਮੀਟਰ ਹਰਡਲ ਤੇ ਲੰਬੀ ਛਾਲ ਦਾ ਮੀਟ ਰਿਕਾਰਡ ਬਣਾਇਆ। ਡਿਕੈਥਲਨ ਦੇ ਨਾਲ ਬੈਸਟ ਅਥਲੀਟ ਦਾ ਖਿਤਾਬ ਵੀ ਜਿੱਤਿਆ। ਜਬਲਪੁਰ ਵਿਖੇ ਨੈਸ਼ਨਲ ਚੈਂਪੀਅਨਸ਼ਿਪ ਦੌਰਾਨ ਉਸ ਨੂੰ ਉਲਟੀਆਂ ਲੱਗ ਗਈਆਂ। ਉਸ ਨੇ ਫੇਰ ਵੀ 9 ਈਵੈਂਟਾਂ ਬਾਅਦ ਹੀ ਡਿਕੈਥਲਨ ਦਾ ਨਵਾਂ ਰਿਕਾਰਡ ਬਣਾ ਦਿੱਤਾ।

ਸੀ.ਆਰ.ਪੀ.ਐਫ. ਵੱਲੋਂ ਖੇਡਦਿਆਂ ਜਿੱਥੇ ਉਹ ਛੇ ਸਾਲ ਬੈਸਟ ਅਥਲੀਟ ਰਿਹਾ, ਉਥੇ ਉਸ ਨੂੰ ਇਸ ਨੌਕਰੀ ਕਾਰਨ ਕਈ ਕੁਰਬਾਨੀਆਂ ਕਰਨੀਆਂ ਪਈਆਂ। ਕੌਮਾਂਤਰੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਕਮਾਈ ਛੁੱਟੀ ਲੈਣੀ ਪੈਂਦੀ ਸੀ। ਉਸ ਨੂੰ ਕਈ ਕਈ ਮਹੀਨੇ ਤਨਖਾਹ ਨਹੀਂ ਮਿਲਦੀ ਸੀ। 1972 ਵਿੱਚ ਬੀ.ਐਸ.ਐਫ. ਪਹਿਲੀ ਵਾਰ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਚੈਂਪੀਅਨ ਬਣੀ, ਜਿਸ ਲਈ ਗੁਰਬਚਨ ਨੇ 110 ਮੀਟਰ ਹਰਡਲ ਦੌੜ ਵਿੱਚ ਲੰਬੇ ਸਮੇਂ ਬਾਅਦ ਵਾਪਸੀ ਕਰਦਿਆਂ ਦੌੜ ਜਿੱਤੀ। 1973 ਤੇ 1974 ਵਿੱਚ ਫੇਰ ਜਿੱਤ ਕੇ ਸੀ.ਆਰ.ਪੀ.ਐਫ. ਨੇ ਹੈਟਟ੍ਰਿਕ ਜੜੀ। ਉਸ ਨੂੰ ਪ੍ਰੋਮੋਸ਼ਨ ਲਈ ਲਗਾਤਾਰ ਸੱਤ ਸਾਲ ਅਣਗੌਲੀ ਰੱਖੀਆ। 1974 ਵਿੱਚ ਉਹ ਕਮਾਂਡੈਂਟ ਦੀ ਪ੍ਰੋਮੋਸ਼ਨ ਲਈ ਯੋਗ ਸੀ, ਜੋ ਕਿ 1982 ਵਿੱਚ ਮਿਲੀ; ਉਹ ਵੀ ਪੂਰਾ ਟਿੱਲ ਲਾ ਕੇ।

ਕੋਚਿੰਗ ਵਿੱਚ ਵੀ ਗੁਰਬਚਨ ਸਿੰਘ ਨੇ ਨਾਮਣਾ ਖੱਟਿਆ। ਉਸ ਦੇ ਸ਼ਾਗਿਰਦ ਪਰਵੀਨ ਜੌਲੀ ਨੇ 1982 ਦੀਆਂ ਨਵੀਂ ਦਿੱਲੀ ਏਸ਼ਿਆਈ ਖੇਡਾਂ ਵਿੱਚ 110 ਮੀਟਰ ਹਰਡਲ ਵਿੱਚ ਕਾਂਸੀ ਦਾ ਤਮਗਾ ਵੀ ਜਿੱਤਿਆ। 2002 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਸਵਰਨ ਸਿੰਘ ਬੋਪਾਰਾਏ, ਜੋ ਸ. ਰੰਧਾਵਾ ਦੇ ਜਮਾਤੀ ਸਨ, ਨੇ ਉਸ ਨੂੰ ਖੇਡ ਸਲਾਹਕਾਰ ਲਾ ਲਿਆ। ਉਦੋਂ ਤੱਕ ਪੰਜਾਬੀ ਯੂਨੀਵਰਸਿਟੀ ਨੇ ਕਦੇ ਵੀ ਮੌਲਾਨਾ ਅਬਦੁਲ ਕਲਾਮ ਆਜ਼ਾਦ (ਮਾਕਾ) ਟਰਾਫੀ ਨਹੀਂ ਜਿੱਤੀ ਸੀ। ਸ. ਰੰਧਾਵਾ ਦੀ ਯੋਜਨਾਬੰਦੀ ਕੰਮ ਲਿਆਈ ਅਤੇ ਪੰਜਾਬੀ ਯੂਨੀਵਰਸਿਟੀ ਨੇ ਪਹਿਲੀ ਵਾਰ ਮਾਕਾ ਟਰਾਫੀ ਜਿੱਤੀ ਤੇ ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਨਿਰੰਤਰ ਦੇਸ਼ ਦੀ ਸਿਖਰਲੀ ਯੂਨੀਵਰਸਿਟੀ ਬਣੀ ਹੋਈ ਹੈ। ਉਹ ਭਾਰਤੀ ਅਥਲੈਟਿਕਸ ਟੀਮ ਦੇ ਲੰਬਾ ਸਮਾਂ ਚੋਣਕਾਰ, ਖੇਡ ਐਵਾਰਡ ਕਮੇਟੀ ਦੇ ਮੈਂਬਰ ਅਤੇ ਡੋਪਿੰਗ ਕੇਸਾਂ ਸਬੰਧੀ ਬਣਨ ਵਾਲੇ ਜਿਊਰੀ ਪੈਨਲਾਂ ਦੇ ਵੀ ਮੈਂਬਰ ਰਹੇ।

ਸ. ਰੰਧਾਵਾ ਦੀ ਸੰਖੇਪ ਜੀਵਨੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਰੀਰਕ ਸਿੱਖਿਆ ਦੇ ਵਿਦਿਆਰਥੀਆਂ ਲਈ ਦਸਵੀਂ ਕਲਾਸ ਦੇ ਸਿਲੇਬਸ ਵਿੱਚ ਸ਼ਾਮਲ ਕੀਤੀ ਗਈ ਹੈ। ਅੱਜ ਵੀ 84 ਵਰ੍ਹਿਆਂ ਦੀ ਉਮਰੇ ਸ. ਰੰਧਾਵਾ ਸਰਗਰਮੀ ਨਾਲ ਵਿਚਰਦੇ ਹਨ ਤੇ ਮੋਬਾਈਲ ਉਤੇ ਜਵਾਬੀ ਸੁਨੇਹਾ ਭੇਜਣ ਵਿੱਚ ਹਰਡਲਾਂ ਪਾਰ ਕਰਨ ਜਿੰਨੇ ਫੁਰਤੀਲੇ ਹਨ। ਜੇਕਰ ਸੁਨੇਹਾ ਦੇਰੀ ਨਾਲ ਭੇਜੀਏ ਤਾਂ ਉਨ੍ਹਾਂ ਦੇ ਸੰਦੇਸ਼ ਵਿੱਚ ਵੀ ਗੁੱਸਾ ਹੁੰਦਾ ਹੈ। ਉਨ੍ਹਾਂ ਦੀ ਗੱਲਬਾਤ, ਪਹਿਰਾਵੇ ਅਤੇ ਵਰਤਾਓ ਵਿੱਚ ਮਝੈਲਾਂ ਆਲੀ ਰੜਕ, ਬੜ੍ਹਕ ਤੇ ਮੜ੍ਹਕ ਹੈ।





# ਯੂ.ਕੇ. ਵਿੱਚ ਪੰਜਾਬੀਆਂ ਦਾ ਪਰਵਾਸ

**ਪੰਜਾਬੀਆਂ ਨੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਜਾ ਕੇ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪੱਗ ਦਾ ਸ਼ਮਲਾ ਉੱਚਾ ਕੀਤਾ ਹੈ। ਕੈਨੇਡਾ ਤੇ ਅਮਰੀਕਾ ਵਿੱਚ ਆਪਣੇ ਭਾਈਚਾਰੇ ਦਾ ਜ਼ਿਕਰ ਬੁਲੰਦ ਕਰਨ ਵਾਲੇ ਪੰਜਾਬੀਆਂ ਦੀ ਗੱਲ ਕਰਨ ਤੋਂ ਬਾਅਦ ਇਸ ਲੇਖ ਵਿੱਚ ਲੇਖਕ ਨੇ ਯੂ.ਕੇ. ਵਿੱਚ ਪੰਜਾਬੀਆਂ ਦੇ ਪਰਵਾਸ ਦਾ ਕਿੱਸਾ ਛੋਹਿਆ ਹੈ। ਪੇਸ਼ ਹੈ, ਯੂ.ਕੇ. ਵਿੱਚ ਆ ਵੱਸਣ ਅਤੇ ਸਖਤ ਘਾਲਣਾ ਘਾਲ ਕੇ ਆਪਣਾ ਮੁਕਾਮ ਪਾਉਣ ਵਾਲੇ ਪੰਜਾਬੀਆਂ ਬਾਰੇ ਇਹ ਲੇਖ...**

ਬੋਲਦੇ ਪੰਨੇ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ:+91-9781646008



ਪੰਜਾਬੀ ਲੋਕ ਬੜੇ ਹੀ ਹਿੰਮਤੀ ਅਤੇ ਅੰਤਾਂ ਦੇ ਮਿਹਨਤੀ ਹਨ। ਇਨ੍ਹਾਂ ਨੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਜਾ ਕੇ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪੱਗ ਦਾ ਸ਼ਮਲਾ ਉੱਚਾ ਕੀਤਾ ਹੈ। ਕੈਨੇਡਾ ਤੋਂ ਬਾਅਦ ਪੰਜਾਬੀਆਂ ਦੀ ਸਭ ਤੋਂ ਵੱਧ ਵੱਸੋਂ ਯੂ.ਕੇ. ਵਿੱਚ ਹੀ ਪਾਈ ਜਾਂਦੀ ਹੈ। ਦਿਲਚਸਪ ਤੱਥ ਇਹ ਹੈ ਕਿ ਪੰਜਾਬੀ ਲੋਕ ਕੈਨੇਡਾ ਤੋਂ ਪਹਿਲਾਂ ਯੂ.ਕੇ. ਵਿਖੇ ਗਏ ਸਨ। ਯੂ.ਕੇ. ਵਿੱਚ ਪੰਜਾਬੀਆਂ ਦੀ ਸੰਖਿਆ ਸੱਤ ਲੱਖ ਤੋਂ ਵੱਧ ਹੈ, ਜਿਨ੍ਹਾਂ ਵਿੱਚੋਂ 5,24529 ਦੇ ਕਰੀਬ ਸਿੱਖ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਸਿੱਖਾਂ ਦੀ ਇਹ ਆਬਾਦੀ ਸੰਨ 2021 ਦੀ ਜਨਗਣਨਾ ਅਨੁਸਾਰ ਬਰਤਾਨੀਆਂ ਦੀ ਕੁੱਲ ਆਬਾਦੀ ਦਾ 0.85 ਫ਼ੀਸਦੀ ਬਣਦੀ ਹੈ, ਹਾਲਾਂਕਿ ਇਸ ਵਿੱਚ ਸਕਾਟਲੈਂਡ ਵਿਖੇ ਵੱਸਦੇ ਸਿੱਖਾਂ ਦੀ ਗਿਣਤੀ ਸ਼ਾਮਿਲ ਨਹੀਂ ਹੈ। ਜ਼ਿਕਰਯੋਗ ਹੈ ਕਿ ਉਕਤ ਜਨਗਣਨਾ ਅਨੁਸਾਰ ਬਰਤਾਨੀਆ ਵਿੱਚ ਸਿੱਖਾਂ ਦੀ ਕੁੱਲ ਆਬਾਦੀ ਵਿੱਚੋਂ 5,20092 ਸਿੱਖ ਇੰਗਲੈਂਡ, 4048 ਸਿੱਖ ਵੇਲਜ਼ ਅਤੇ 389 ਸਿੱਖ ਉੱਤਰੀ ਆਇਰਲੈਂਡ ਵਿੱਚ ਵੱਸਦੇ ਹਨ (ਹੁਣ ਵੱਧ ਹਨ)। ਸਿੱਖਾਂ ਦੀ ਸਭ ਤੋਂ ਵੱਧ ਜਨਸੰਖਿਆ 'ਗ੍ਰੇਟਰ ਇੰਗਲੈਂਡ' ਅਤੇ 'ਪੱਛਮੀ ਮਿਡਲੈਂਡ' ਇਲਾਕਿਆਂ ਵਿੱਚ ਵੱਸਦੀ ਹੈ।

ਇਤਿਹਾਸ ਦੇ ਪੰਨੇ ਫ਼ਰੋਲਦਿਆਂ ਪਤਾ ਲੱਗਦਾ ਹੈ ਕਿ ਯੂ.ਕੇ. ਵਿੱਚ ਪੰਜਾਬੀਆਂ ਦੀ ਆਮਦ ਪੰਜਾਬ ਵਿੱਚ ਸਿੱਖ ਰਾਜ ਦੇ ਆਖ਼ਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਬੜੇ ਹੀ ਸ਼ਾਤਿਰਾਨਾ ਢੰਗ ਅਤੇ ਚਾਲ ਨਾਲ ਸੰਨ 1853 ਵਿੱਚ ਇੰਗਲੈਂਡ ਵਿਖੇ ਲੈ ਕੇ ਆਉਣ ਨਾਲ ਅਰੰਭ ਹੋਈ ਸੀ। ਇਸਦਾ ਇਹ ਤੱਤ ਵੀ ਕੱਢਿਆ ਜਾ ਸਕਦਾ ਹੈ ਕਿ ਯੂ.ਕੇ. ਪੁੱਜਣ ਵਾਲਾ ਪਹਿਲਾ ਪੰਜਾਬੀ ਸ਼ਖ਼ਸ ਇੱਕ ਸਿੱਖ ਸੀ ਤੇ ਉਹ ਮਹਾਰਾਜਾ ਦਲੀਪ ਸਿੰਘ ਸੀ। ਮਹਾਰਾਜਾ ਦਲੀਪ ਸਿੰਘ ਦੀ ਪਤਨੀ ਬੰਬਾ ਮੂਲਰ ਤੋਂ ਪੈਦਾ ਹੋਈ ਉਸਦੀ ਧੀ ਸੋਫ਼ੀਆ ਦਲੀਪ ਸਿੰਘ ਨੇ ਇੰਗਲੈਂਡ ਵਿੱਚ ਔਰਤਾਂ ਦੇ ਹੱਕਾਂ ਲਈ ਬੜੀ ਹੀ ਬੇਬਾਕੀ ਨਾਲ ਆਵਾਜ਼ ਬੁਲੰਦ ਕੀਤੀ ਸੀ। ਆਪਣੀ ਜਨਮ ਭੋਇੰ ਪੰਜਾਬ ਆਉਣ ਲਈ ਤਰਸਦੇ ਮਹਾਰਾਜਾ ਦਲੀਪ ਸਿੰਘ ਦਾ 22 ਅਕਤੂਬਰ 1893 ਨੂੰ ਸਿਰਫ 55 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 19ਵੀਂ ਸਦੀ ਦੇ ਅਖੀਰ ਅਤੇ 20ਵੀਂ ਸਦੀ ਦੇ ਅਰੰਭ ਵਿੱਚ ਯੂ.ਕੇ. ਵਿਖੇ ਪੁੱਜਣ ਵਾਲੇ ਪੰਜਾਬੀਆਂ ਵਿੱਚ ਵਧੇਰੇ ਸੰਖਿਆ ਘਰਾਂ ਵਿੱਚ ਕੰਮ ਲਈ ਲੋੜੀਂਦੇ ਸੇਵਾਦਾਰਾਂ, ਵਿਦਿਆਰਥੀਆਂ, ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੇ ਅਧਿਕਾਰੀਆਂ ਜਾਂ ਫਿਰ ਬਰਤਾਨਵੀ ਸਮੁੰਦਰੀ ਜਹਾਜ਼ਾਂ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੀ। ਚੇਤੇ ਰੱਖਣਯੋਗ ਤੱਥ ਹੈ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਹਿਤ ਆਪਣੇ ਪ੍ਰਾਣ ਨਿਛਾਵਰ ਕਰਨ ਵਾਲਾ ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਸੰਨ 1906 ਵਿੱਚ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲੰਦਨ ਗਿਆ ਸੀ ਤੇ ਜੱਲ੍ਹਿਆਂਵਾਲਾ ਬਾਗ਼ ਕਾਂਡ ਦਾ ਬਦਲਾ ਲੈਣ ਵਾਲਾ ਸ਼ਹੀਦ ਊਧਮ ਸਿੰਘ ਸੰਨ 1934 ਵਿੱਚ ਲੰਦਨ ਪੁੱਜਿਆ ਸੀ।

ਪੰਜਾਬੀਆਂ ਦਾ ਯੂ.ਕੇ. ਵਿੱਚ ਵੱਡੀ ਮਾਤਰਾ ਵਿੱਚ ਪਰਵਾਸ ਸੰਨ 1950 ਦੇ ਕਰੀਬ ਹੋਇਆ ਸੀ, ਜਦੋਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂ.ਕੇ. ਅੰਦਰ ਮਜ਼ਦੂਰਾਂ ਦੀ ਭਾਰੀ ਕਮੀ ਆ ਗਈ ਸੀ ਤੇ ਇਸ ਕਮੀ ਨੂੰ ਪੂਰਨ ਲਈ ਅੰਗਰੇਜ਼ਾਂ ਨੇ ਪੰਜਾਬ ਸਣੇ ਹੋਰ ਰਾਜਾਂ ਅਤੇ ਮੁਲਕਾਂ ਤੋਂ ਮਜ਼ਦੂਰ ਭਰਤੀ ਕਰ ਲਏ ਸਨ। ਪੰਜਾਬ ਤੋਂ ਆਏ ਇਹ ਮਜ਼ਦੂਰ ਯੂ.ਕੇ. ਦੇ ਵੱਖ-ਵੱਖ ਕਾਰਖ਼ਾਨਿਆਂ, ਕੱਪੜਾ ਮਿੱਲਾਂ ਅਤੇ ਘਰਾਂ ਵਿੱਚ ਕੰਮ 'ਤੇ ਲੱਗੇ ਸਨ। ਜ਼ਿਆਦਾਤਰ ਪੰਜਾਬੀ ਕਿਉਂਕਿ ਸਾਊਥਹਾਲ ਦੇ ਇਲਾਕੇ 'ਚ ਵੱਸਣੇ ਸ਼ੁਰੂ ਹੋਏ ਸਨ, ਇਸ ਲਈ ਇਹ ਇਲਾਕਾ ਹੌਲੀ-ਹੌਲੀ ਪੰਜਾਬੀਆਂ ਦਾ ਗੜ੍ਹ ਜਾਂ ਫਿਰ ਅੱਗੇ ਜਾ ਕੇ ਇੱਕ ਤਰ੍ਹਾਂ ਦਾ 'ਮਿੰਨ੍ਹੀ ਪੰਜਾਬ' ਹੋ ਨਿੱਬੜਿਆ ਸੀ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਜਦ ਪੂਰਬੀ ਅਫ਼ਰੀਕਾ ਦੇ ਕੀਨੀਆ ਅਤੇ ਯੂਗਾਂਡਾ ਨੂੰ ਬਰਤਾਨਵੀ ਸ਼ਾਸ਼ਨ ਤੋਂ ਆਜ਼ਾਦੀ ਮਿਲੀ ਸੀ ਤਾਂ ਉੱਥੇ ਵੱਸਦੇ ਪੰਜਾਬੀ ਵੱਡੀ ਗਿਣਤੀ ਵਿੱਚ ਹਿਜਰਤ ਕਰਕੇ ਯੂ.ਕੇ. ਆ ਗਏ ਸਨ। ਇਨ੍ਹਾਂ ਵਿੱਚੋਂ ਵਧੇਰੇ ਪੰਜਾਬੀ ਵੱਡੇ ਵਪਾਰੀ, ਅਫ਼ਸਰ ਜਾਂ ਫ਼ਨਕਾਰ ਸਨ ਤੇ ਇਹ ਲੋਕ ਯੂ.ਕੇ. ਆ ਕੇ ਛੇਤੀ ਹੀ ਸਥਾਪਿਤ ਹੋ ਗਏ ਸਨ।



ਮਹਾਰਾਜਾ ਦਲੀਪ ਸਿੰਘ ਦਾ ਇੱਕ ਚਿੱਤਰ

ਅਜੋਕੇ ਯੂ.ਕੇ. 'ਚ ਜੇਕਰ ਪੰਜਾਬੀ ਭਾਸ਼ਾ ਜਾਂ ਪੰਜਾਬੀਆਂ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇੱਥੇ ਪੰਜਾਬੀ ਭਾਸ਼ਾ, ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਤੀਜੇ ਸਥਾਨ 'ਤੇ ਹੈ। ਸਾਲ 2011 ਦੀ ਜਨਗਣਨਾ ਅਨੁਸਾਰ ਯੂ.ਕੇ. ਵਿੱਚ ਵੱਸਦੇ ਭਾਰਤੀ ਪੰਜਾਬੀਆਂ ਦੀ ਗਿਣਤੀ 4,66503 ਦੇ ਕਰੀਬ ਸੀ, ਜੋ ਕਿ ਯੂ.ਕੇ. ਵਿੱਚ ਵੱਸਦੇ ਕੁੱਲ ਭਾਰਤੀਆਂ ਦਾ 45 ਫ਼ੀਸਦੀ ਬਣਦੀ ਸੀ। ਇਨ੍ਹਾਂ ਪੰਜਾਬੀਆਂ ਵਿੱਚ ਵੀ ਵੱਡੀ ਗਿਣਤੀ ਸਿੱਖ ਪਰਿਵਾਰਾਂ ਦੀ ਸੀ, ਜੋ ਭਾਰਤੀ ਪੰਜਾਬ ਦੇ ਜਲੰਧਰ, ਲੁਧਿਆਣਾ, ਕਪੂਰਥਲਾ, ਹੁਸ਼ਿਆਰਪੁਰ, ਨਵਾਂ ਸ਼ਹਿਰ, ਮੋਗਾ ਅਤੇ ਬਠਿੰਡਾ ਖੇਤਰਾਂ ਨਾਲ ਸਬੰਧ ਰੱਖਦੇ ਸਨ।

ਅੰਗਰੇਜ਼ ਵਿਦਵਾਨ ਬ੍ਰਾਇਨ ਕੀਥ ਐਕਸਲ ਆਪਣੀ ਪੁਸਤਕ 'ਦਿ ਨੇਸ਼ਨਜ਼ ਟਾਰਚਰਡ ਬਾੱਡੀ' ਵਿੱਚ ਜ਼ਿਕਰ ਕਰਦਾ ਹੈ ਕਿ ਜਦੋਂ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਪਿੱਛੋਂ ਪੰਜਾਬ ਨੂੰ ਬਰਤਾਨਵੀ ਰਾਜ ਦਾ ਹਿੱਸਾ ਬਣਾ ਕੇ 11 ਸਾਲ ਦੇ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲੈ ਆਂਦਾ ਸੀ ਤਾਂ ਫਿਰ 19ਵੀਂ ਸਦੀ ਦੇ ਦੂਜੇ ਅੱਧ ਵਿੱਚ ਪੰਜਾਬ ਤੋਂ ਸਿੱਖਾਂ ਦਾ ਯੂ.ਕੇ. ਵੱਲ ਆਉਣਾ ਅਰੰਭ ਹੋ ਗਿਆ ਸੀ ਤੇ ਇੱਥੇ ਆਉਣ ਵਾਲੇ ਸਿੱਖਾਂ ਦੇ ਮਨ ਵਿੱਚ ਇਹ ਦੁਖਦਾਇਕ ਗੱਲ ਸਦਾ ਵੱਸੀ ਰਹੀ ਸੀ ਕਿ ਦਲੀਪ ਸਿੰਘ 'ਬਿਨਾ ਰਾਜ ਦਾ ਰਾਜਾ' ਰੱਖਿਆ ਗਿਆ ਸੀ ਤੇ ਉਹ 'ਆਪਣਿਆਂ ਤੋਂ ਵਿਛੋੜਿਆ ਹੋਇਆ ਇੱਕ ਲਾਚਾਰ ਸਿੱਖ' ਸੀ।

ਇਥੇ ਆਉਣ ਵਾਲੇ ਸਿੱਖ ਅਸਲ ਵਿੱਚ ਉਹ ਪੰਜਾਬੀ ਸੈਨਿਕ ਸਨ, ਜਿਨ੍ਹਾਂ ਨੂੰ ਬਰਤਾਨਵੀ ਸ਼ਾਸਕਾਂ ਨੇ 'ਬ੍ਰਿਟਿਸ਼ ਇੰਡੀਅਨ ਆਰਮੀ' ਵਿੱਚ ਭਰਤੀ ਕਰਕੇ ਪਹਿਲਾਂ ਪੰਜਾਬ ਤੋਂ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਤੇ ਫਿਰ ਭਾਰਤ ਤੋਂ ਯੂ.ਕੇ. ਲਿਆਂਦਾ ਸੀ। ਇੱਥੋਂ ਫਿਰ ਵੱਡੀ ਗਿਣਤੀ ਵਿੱਚ ਕੁਸ਼ਲ ਮਜ਼ਦੂਰਾਂ ਨੂੰ ਬਰਤਾਨਵੀ ਸ਼ਾਸ਼ਨ ਅਧੀਨ ਆਉਂਦੇ 'ਪੂਰਬੀ ਅਫ਼ਰੀਕਾ' ਵਿਖੇ ਰੇਲਵੇ ਲਾਈਨ ਵਿਛਾਉਣ, ਬਾਂਸ ਦੀ ਖੇਤੀ ਕਰਨ ਅਤੇ ਊਠ ਪਾਲਣ ਜਿਹੇ ਹੋਰ ਕੰਮ ਕਰਨ ਲਈ ਭੇਜ ਦਿੱਤਾ ਗਿਆ ਸੀ।

**ਸਿੱਖਾਂ ਅਤੇ ਸਿੱਖੀ ਤੋਂ ਪ੍ਰਭਾਵਿਤ ਹੋ ਕੇ ਉੱਘੇ ਇਤਿਹਾਸਕਾਰ ਮੈਕਸ ਆਰਥਰ ਮੈਕਾਲਿਫ਼, ਨਾਮਵਰ ਸੰਗੀਤਕਾਰ ਵਿਕ ਬ੍ਰਿਗਜ਼ ਉਰਫ਼ ਵਿਕਰਮ ਸਿੰਘ ਖ਼ਾਲਸਾ ਅਤੇ ਅਦਾਕਾਰਾ ਅਲੈਗਜ਼ੈਂਡਰ ਐਟਕਿਨ ਨੇ ਸਿੱਖ ਧਰਮ ਧਾਰਨ ਕਰ ਲਿਆ ਸੀ। ਵਿਕਰਮ ਸਿੰਘ ਖ਼ਾਲਸਾ ਨੂੰ ਤਾਂ ਸਚੱਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ ਵਾਲਾ ਅਜਿਹਾ ਪਹਿਲਾ ਸ਼ਖ਼ਸ ਹੋਣ ਦਾ ਸ਼ਰਫ਼ ਹਾਸਿਲ ਹੈ, ਜੋ ਕਿ ਗ਼ੈਰ-ਏਸ਼ੀਆਈ ਹੈ।**

ਉਧਰ ਯੂ.ਕੇ. ਦੀ 'ਟੀਸਾਈਡ ਯੂਨੀਵਰਸਿਟੀ' ਵੱਲੋਂ ਕੀਤੀ ਗਈ ਇੱਕ ਖੋਜ ਵਿੱਚ ਪਤਾ ਲੱਗਾ ਹੈ ਕਿ ਯੂ.ਕੇ. ਵਿੱਚ ਵੱਸਦੇ ਪੰਜਾਬੀ ਪਰਿਵਾਰ ਬੇਹੱਦ ਪੜ੍ਹੇ-ਲਿਖੇ ਅਤੇ ਸਫ਼ਲ ਪਰਿਵਾਰ ਹਨ। ਪੰਜਾਬੀਆਂ ਨੇ ਇੱਥੇ ਆਪਣੇ ਮਿਹਨਤੀ ਸੁਭਾਅ, ਉੱਚ ਵਿੱਦਿਆ, ਚੰਗੇ ਆਚਰਣ, ਰੰਗਲੇ ਸੱਭਿਆਚਾਰ, ਸੁਆਦਲੇ ਖਾਣ-ਪੀਣ ਅਤੇ ਪੱਬ ਚੱਕਵੇਂ ਸੰਗੀਤ ਨਾਲ ਯੂ.ਕੇ. ਦੇ ਸੱਭਿਆਚਾਰ ਨੂੰ ਬੇਹੱਦ ਮੁਤਾਸਿਰ ਕੀਤਾ ਹੈ। ਪੰਜਾਬੀ ਲੋਕ ਨਾਚ 'ਭੰਗੜਾ', ਪੰਜਾਬੀ ਲੋਕ ਸੰਗੀਤ ਤੇ ਪੰਜਾਬੀ ਪੌਪ ਅਤੇ ਖਾਣੇ ਵਿੱਚ 'ਚਿਕਨ ਟਿੱਕਾ ਮਸਾਲਾ' ਨੇ ਤਾਂ ਯੂ.ਕੇ. ਵਾਸੀਆਂ ਨੂੰ ਪੂਰੀ ਤਰ੍ਹਾਂ ਦੀਵਾਨਾ ਬਣਾਇਆ ਹੋਇਆ ਹੈ।

ਇੱਥੋਂ ਦੇ ਸਫ਼ਲ ਪੰਜਾਬੀ ਵਪਾਰੀਆਂ ਵਿੱਚ ਜਿੱਥੇ ਸ੍ਰੀ ਸੁਰਿੰਦਰ ਅਰੋੜਾ ਜਿਹੇ ਅਰਬਪਤੀ ਅਤੇ ਅਵਤਾਰ ਲਿਟ, ਦੁਬਿੰਦਰਜੀਤ ਸਿੰਘ, ਜਸਮਿੰਦਰ ਸਿੰਘ, ਕੁਲਵੀਰ ਰੰਗੜ, ਪਰਮ ਸਿੰਘ ਆਦਿ ਉਦਯੋਗਪਤੀਆਂ ਦੇ ਨਾਂ ਸ਼ਾਮਿਲ ਹਨ, ਉਥੇ ਹੀ ਲੋਕ ਭਲਾਈ ਕਾਰਜਾਂ ਲਈ ਦਾਨ ਦੇਣ ਵਾਲੇ ਪੰਜਾਬੀਆਂ ਵਿੱਚ ਦਲਜੀਤ ਸਿੰਘ ਸ਼ੇਰਗਿੱਲ, ਈਮਾਨਦੀਪ ਕੌਰ, ਬਲਵੰਤ ਕੌਰ, ਮਹਿੰਦਰ ਸਿੰਘ ਆਹਲੂਵਾਲੀਆ, ਨਿੱਡਰ ਸਿੰਘ ਨਿਹੰਗ ਅਤੇ ਖ਼ਾਲਸਾ ਏਡ ਦੇ ਸ. ਰਵੀ ਸਿੰਘ ਆਦਿ ਹਸਤੀਆਂ ਦੇ ਨਾਂ ਪ੍ਰਮੁੱਖ ਹਨ। ਵਿਦਿਅਕ ਖੇਤਰ ਦੀਆਂ ਸਿਰਮੌਰ ਸ਼ਖ਼ਸੀਅਤਾਂ ਵਿੱਚ ਪ੍ਰੋ. ਜਗਜੀਤ ਚੱਢਾ, ਡਾ. ਹਰਮਿੰਦਰ ਦੁਆ, ਪ੍ਰੋ. ਕੁਲਵੰਤ ਭੁਪਾਲ, ਉਪ ਕੁਲਪਤੀ ਸ. ਸੁਖਬੀਰ ਸਿੰਘ ਕਪੂਰ, ਪ੍ਰੋ. ਤੇਜਿੰਦਰ ਸਿੰਘ ਵਿਰਦੀ ਅਤੇ ਕਾਨੂੰਨ ਦੇ ਖੇਤਰ ਵਿੱਚ ਸ. ਅਨੂਪ ਸਿੰਘ ਚੌਧਰੀ, ਬਬਲ ਚੀਮਾ, ਜਸਵੀਰ ਸਿੰਘ, ਮੋਤਾ ਸਿੰਘ, ਜੋਅ ਸਿੱਧੂ ਅਤੇ ਰਬਿੰਦਰ ਸਿੰਘ ਆਦਿ ਦੇ ਨਾਂ ਬੜੇ ਫ਼ਖ਼ਰ ਨਾਲ ਲਏ ਜਾਂਦੇ ਹਨ।



ਯੂ.ਕੇ. ਦੇ ਪਹਿਲੇ ਏਸ਼ੀਅਨ ਜੱਜ ਸਰ ਮੋਤਾ ਸਿੰਘ ਨੇ ਸਕੂਲਾਂ ਅਤੇ ਹੋਰ ਜਨਤਕ ਥਾਂਵਾਂ 'ਤੇ ਬਰਤਾਨਵੀ ਸਰਕਾਰ ਵੱਲੋਂ ਲਗਾਈ ਗਈ ਕਿਰਪਾਨ ਪਹਿਨਣ ਦੀ ਪਾਬੰਦੀ ਦੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਸੀ।

ਯੂ.ਕੇ. ਨਾਲ ਜੁੜੇ ਮਨੋਰੰਜਨ ਜਗਤ ਦੇ ਪ੍ਰਮੁੱਖ ਚਿਹਰਿਆਂ ਵਿੱਚ ਮੈਂਡੀ ਤੱਖਰ, ਗੁਰਿੰਦਰ ਚੱਢਾ, ਅਮਿਤ ਚਾਨਾ, ਚੰਨਦੀਪ ਉੱਪਲ, ਹਰਨਾਮ ਕੌਰ, ਜੱਸਾ ਆਹਲੂਵਾਲੀਆ, ਨੀਲਮ ਗਿੱਲ, ਪਰਮਿੰਦਰ ਨਾਗਰਾ ਤੇ ਸੰਜੀਵ ਕੋਹਲੀ ਅਤੇ ਸੰਗੀਤ ਜਗਤ ਵਿੱਚ ਅਮਨ ਹੇਅਰ, ਸੁਖਸ਼ਿੰਦਰ ਸ਼ਿੰਦਾ, ਬੈਲੀ ਸੱਗੂ, ਹਾਰਡ ਕੌਰ, ਜੈਜ਼ੀ ਬੀ, ਜੱਸੀ ਸਿੱਧੂ, ਮਲਕੀਤ ਸਿੰਘ, ਪ੍ਰੋ. ਸੁਰਿੰਦਰ ਸਿੰਘ ਮਠਾਰੂ ਤਾਂ ਬੇਹੱਦ ਮਕਬੂਲ ਰਹੇ ਹਨ। ਯੂ.ਕੇ. 'ਚ ਰਹਿੰਦੇ ਆਤਮਾ ਸਿੰਘ, ਦਿਲਜੀਤ ਰਾਣਾ, ਗੁਰਿੰਦਰ ਜੋਸਨ, ਹਰਦਿਆਲ ਢੀਂਡਸਾ, ਨੀਨਾ ਗਿੱਲ, ਉਂਕਾਰ ਸਹੋਤਾ, ਪਰਮਜੀਤ ਢਾਂਡਾ, ਪਰਮਜੀਤ ਸਿੰਘ ਗਿੱਲ, ਪ੍ਰੀਤ ਗਿੱਲ, ਪਿਆਰਾ ਖਾਂਬੜਾ ਅਤੇ ਤਨਮਨਜੀਤ ਸਿੰਘ ਢੇਸੀ ਆਦਿ ਤਾਂ ਸਿਆਸੀ ਖੇਤਰ ਦੀਆਂ ਵੱਡੀਆਂ ਸ਼ਖ਼ਸੀਅਤਾਂ ਬਣਨ ਦਾ ਮਾਣ ਹਾਸਿਲ ਕਰ ਚੁੱਕੀਆਂ ਹਨ, ਜਦੋਂ ਕਿ ਬਜ਼ੁਰਗ ਐਥਲੀਟ ਬਾਪੂ ਫ਼ੌਜਾ ਸਿੰਘ, ਮੋਂਟੀ ਪਨੇਸਰ, ਅਮਨ ਦੁਸਾਂਝ ਅਤੇ ਕਾਸ਼ ਗਿੱਲ ਨੇ ਖੇਡਾਂ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਕੇ ਪੰਜਾਬੀਆਂ ਦਾ ਮਾਣ ਪੂਰੇ ਵਿਸ਼ਵ ਵਿੱਚ ਵਧਾਇਆ ਹੈ ਤੇ ਪੰਜਾਬੀਆਂ ਨੂੰ ਚੰਗੀ ਪਛਾਣ ਦਿਵਾਈ ਹੈ।

ਬਰਤਾਨੀਆ ਵਿੱਚ ਰਹਿੰਦੇ ਸਿੱਖਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇੱਥੇ ਵੱਸਦੇ ਸਿੱਖਾਂ ਦੀ ਕੁੱਲ ਆਬਾਦੀ 'ਚੋਂ 65 ਫ਼ੀਸਦੀ ਸਿੱਖ ਗ੍ਰੈਜੂਏਟ ਹਨ ਅਤੇ ਅੱਠ ਫ਼ੀਸਦੀ ਤਾਂ ਪੀਐਚ.ਡੀ. ਤੱਕ ਦੀ ਵਿੱਦਿਆ ਹਾਸਿਲ ਕਰ ਚੁੱਕੇ ਹਨ। ਪੜ੍ਹੇ-ਲਿਖੇ ਪੰਜਾਬੀ ਸਿੱਖਾਂ ਵਿੱਚੋਂ 48 ਫ਼ੀਸਦੀ ਔਰਤਾਂ ਅਤੇ 42 ਫ਼ੀਸਦੀ ਪੁਰਸ਼ ਡਿਗਰੀ ਹੋਲਡਰ ਹਨ। ਇਨ੍ਹਾਂ ਸਿੱਖਾਂ ਵਿੱਚੋਂ 87 ਫ਼ੀਸਦੀ ਦੇ ਕੋਲ ਆਪਣਾ ਖ਼ੁਦ ਦਾ ਘਰ ਹੈ। 10 ਫ਼ੀਸਦੀ ਦੇ ਕਰੀਬ ਸਿੱਖ ਸਿਹਤ ਸੇਵਾਵਾਂ, 8 ਫ਼ੀਸਦੀ ਸੂਚਨਾ ਅਤੇ ਤਕਨਾਲੋਜੀ, 9 ਫ਼ੀਸਦੀ ਅਧਿਆਪਨ ਅਤੇ 7 ਫ਼ੀਸਦੀ ਸਿੱਖ ਵਿੱਤ ਤੇ ਲੇਖਾ ਸੇਵਾਵਾਂ ਵਿੱਚ ਸੇਵਾ ਨਿਭਾਅ ਰਹੇ ਹਨ। ਸਿੱਖਾਂ ਦੀ ਕੁੱਲ ਆਬਾਦੀ ਵਿੱਚੋਂ 60 ਫ਼ੀਸਦੀ ਸਿੱਖ ਸਵੈ-ਇੱਛਾ ਨਾਲ 'ਜਨ ਸੇਵਾ' ਦੇ ਕਾਰਜ ਕਰਦੇ ਹਨ ਤੇ 93 ਫ਼ੀਸਦੀ ਸਿੱਖ ਹਰ ਮਹੀਨੇ ਸੌ ਪੌਂਡ ਦੇ ਆਸ-ਪਾਸ ਰਾਸ਼ੀ ਲੋੜਵੰਦਾਂ ਲਈ ਕਰਵਾਏ ਜਾਂਦੇ ਦਾਨ ਕਾਰਜਾਂ ਉੱਤੇ ਖ਼ਰਚ ਕਰਦੇ ਹਨ। ਸਿੱਖਾਂ ਅੰਦਰ ਵੱਸੀ ਹੋਈ ਨਿਸ਼ਕਾਮ ਸੇਵਾ ਦੀ ਭਾਵਨਾ ਦਾ ਪ੍ਰਮਾਣ ਇਹ ਹੈ ਕਿ ਯੂ.ਕੇ. ਦੇ ਸਿੱਖ ਕੁੱਲ ਮਿਲਾ ਕੇ 125 ਮਿਲੀਅਨ ਪੌਂਡ ਨਕਦ ਅਤੇ ਸੇਵਾ ਦੇ 65 ਮਿਲੀਅਨ ਘੰਟੇ ਹਰ ਸਾਲ ਲੋੜਵੰਦਾਂ ਦੀ ਖ਼ਾਤਿਰ ਅਰਪਣ ਕਰਦੇ ਹਨ।

ਸੰਨ 2021 ਦੀ ਜਨਗਣਨਾ ਅਨੁਸਾਰ ਸਿੱਖਾਂ ਦੀ ਸਭ ਤੋਂ ਵੱਧ ਆਬਾਦੀ 1,72398 ਹੈ, ਜੋ ਪੱਛਮੀ ਮਿੱਡਲੈਂਡ ਵੱਸਦੀ ਹੈ, ਜਦੋਂ ਕਿ ਲੰਦਨ ਵਿੱਚ 1,44543; ਦੱਖਣ ਪੂਰਬੀ ਇਲਾਕੇ ਵਿੱਚ 74,348; ਉੱਤਰ ਪੱਛਮ ਵਿੱਚ 11, 862; ਦੱਖਣ ਪੱਛਮ ਵਿੱਚ 7465 ਅਤੇ ਉੱਤਰ ਪੂਰਬ ਵਿਖੇ 7206 ਪੰਜਾਬੀ ਸਿੱਖ ਵੱਸਦੇ ਹਨ। ਦਸਤਾਰ ਬੰਨ੍ਹਣ ਵਾਲੇ ਸਿੱਖਾਂ ਨੂੰ ਯੂ.ਕੇ. ਅੰਦਰ ਦੋ ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਪਹਿਨਣ ਤੋਂ ਛੋਟ ਹਾਸਿਲ ਹੈ। ਸਿੱਖ ਬੱਚੇ ਅਤੇ ਨੌਜਵਾਨ ਸਕੂਲਾਂ ਤੇ ਹੋਰ ਜਨਤਕ ਥਾਂਵਾਂ 'ਤੇ ਕਿਰਪਾਨ ਵੀ ਧਾਰਨ ਕਰ ਸਕਦੇ ਹਨ। ਯੂ.ਕੇ. ਦੇ ਪਹਿਲੇ ਏਸ਼ੀਅਨ ਜੱਜ ਸਰ ਮੋਤਾ ਸਿੰਘ ਨੇ ਸਕੂਲਾਂ ਅਤੇ ਹੋਰ ਜਨਤਕ ਥਾਂਵਾਂ 'ਤੇ ਬਰਤਾਨਵੀ ਸਰਕਾਰ ਵੱਲੋਂ ਲਗਾਈ ਗਈ ਕਿਰਪਾਨ ਪਹਿਨਣ ਦੀ ਪਾਬੰਦੀ ਦੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਸੀ। ਸਿੱਖਾਂ ਅਤੇ ਸਿੱਖੀ ਤੋਂ ਪ੍ਰਭਾਵਿਤ ਹੋ ਕੇ ਉੱਘੇ ਇਤਿਹਾਸਕਾਰ ਮੈਕਸ ਆਰਥਰ ਮੈਕਾਲਿਫ਼, ਨਾਮਵਰ ਸੰਗੀਤਕਾਰ ਵਿਕ ਬ੍ਰਿਗਜ਼ ਉਰਫ਼ ਵਿਕਰਮ ਸਿੰਘ ਖ਼ਾਲਸਾ ਅਤੇ ਅਦਾਕਾਰਾ ਅਲੈਗਜ਼ੈਂਡਰ ਐਟਕਿਨ ਨੇ ਸਿੱਖ ਧਰਮ ਧਾਰਨ ਕਰ ਲਿਆ ਸੀ। ਵਿਕਰਮ ਸਿੰਘ ਖ਼ਾਲਸਾ ਨੂੰ ਤਾਂ ਸਚੱਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ ਵਾਲਾ ਅਜਿਹਾ ਪਹਿਲਾ ਸ਼ਖ਼ਸ ਹੋਣ ਦਾ ਸ਼ਰਫ਼ ਹਾਸਿਲ ਹੈ, ਜੋ ਕਿ ਗ਼ੈਰ-ਏਸ਼ੀਆਈ ਹੈ।

ਵਰਤਮਾਨ ਸਮੇਂ ਵਿੱਚ ਭਾਰਤ-ਕੈਨੇਡਾ ਸਬੰਧਾਂ ਵਿੱਚ 'ਖ਼ਾਲਿਸਤਾਨ' ਦੇ ਮੁੱਦੇ ਨੂੰ ਲੈ ਕੇ ਚੱਲ ਰਹੀ ਤਕਰਾਰ ਨੂੰ ਧਿਆਨ 'ਚ ਰੱਖਦਿਆਂ ਇੱਥੇ ਇਹ ਦੱਸਣਾ ਬਣਦਾ ਹੈ ਕਿ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਅਖ਼ੀਰ ਵਿੱਚ ਯੂ.ਕੇ. ਅਤੇ ਕੈਨੇਡਾ ਵਿਖੇ ਵੱਸਦੇ ਕੁਝ ਲੋਕਾਂ ਨੇ 'ਖ਼ਾਲਿਤਸਾਨ' ਦੀ ਮੰਗ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰਨੇ ਸ਼ੁਰੂ ਕਰ ਦਿੱਤੇ ਸਨ ਅਤੇ 12 ਅਕਤੂਬਰ 1971 ਨੂੰ ਤਾਂ ਯੂ.ਕੇ. ਵਾਸੀ ਜਗਜੀਤ ਸਿੰਘ ਚੌਹਾਨ ਨੇ ਅਮਰੀਕਾ ਦੇ 'ਦਿ ਨਿਊ ਯਾਰਕ ਟਾਈਮਜ਼' ਅਖ਼ਬਾਰ ਵਿੱਚ ਇਸ਼ਤਿਹਾਰ ਛਾਪ ਕੇ ਸਿੱਖਾਂ ਲਈ 'ਖ਼ਾਲਿਤਸਾਨ' ਦੇ ਰੂਪ ਵਿੱਚ ਇੱਕ ਵੱਖਰੀ 'ਹੋਮਲੈਂਡ' ਬਣਾਉਣ ਦੀ ਮੰਗ ਕੀਤੀ ਸੀ, ਪਰ ਉਸਦੀ ਇਸ ਮੰਗ ਨੂੰ ਆਮ ਸਿੱਖਾਂ ਨੇ ਕੋਈ ਅਹਿਮੀਅਤ ਨਹੀਂ ਦਿੱਤੀ ਸੀ (ਖਾਲਿਸਤਾਨ ਸਬੰਧੀ ਹੁਣ ਤੱਕ ਵੀ ਸਿੱਖ ਭਾਈਚਾਰੇ ਦੇ ਲੋਕਾਂ ਵੀ ਆਪੋ-ਆਪਣੀ ਰਾਏ ਹੈ)।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਯੂ.ਕੇ. ਦੀ ਅਥਾਹ ਤਰੱਕੀ ਵਿੱਚ ਪੰਜਾਬੀਆਂ ਦਾ ਵੱਡਾ, ਵਡਮੁੱਲਾ ਤੇ ਮਹੱਤਵਪੂਰਨ ਯੋਗਦਾਨ ਹੈ।

‘ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ’

# ਗੁਰੂ ਸਾਹਿਬਾਨ ਦੇ ਮੁਸਲਿਮ ਸ਼ਰਧਾਲੂ

**“ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਅਸੀਂ ਸੁਹਿਰਦ ਪਾਠਕਾਂ ਲਈ ਇਹ ਪੁਸਤਕ ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਛਾਪ ਰਹੇ ਹਾਂ। ਇਸ ਅੰਕ ਵਿੱਚ ਨਵਾਬ ਸੈਫ਼ ਖ਼ਾਨ, ਮੁਹੰਮਦ ਖ਼ਾਂ ਪਠਾਣ ਤੇ ਪੀਰ ਦਰਗਾਹੀ ਸ਼ਾਹ ਬਾਰੇ ਸੰਖੇਪ ਵੇਰਵਾ ਹੈ...**

ਇਤਿਹਾਸ ਦੇ ਪੰਨੇ

ਅਲੀ ਰਾਜਪੁਰਾ
ਫੋਨ:+91-9417679302



## ਨਵਾਬ ਸੈਫ਼ ਖ਼ਾਨ ਉਰਫ਼ ਸੈਫ਼ੂਦੀਨ ਅਹਿਮਦ ਫ਼ਕੀਰਰੁੱਲਾ

ਨਵਾਬ ਸੈਫੂਦੀਨ ਅਹਿਮਦ ਫ਼ਕੀਰਰੁੱਲਾ ਮੁਗ਼ਲਾਂ ਦੇ ਸਮੇਂ ਦਾ ਇੱਕ ਪ੍ਰਮੁੱਖ ਸਰਦਾਰ ਤੇ ਸ਼ਾਹਜਹਾਂ ਦਾ ਸਾਂਢੂ ਸੀ। ਉਸ ਦੇ ਵੱਡੇ ਭਾਈ ਨਵਾਬ ਫਿਦਾਈ ਖ਼ਾਂ ਅਤੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਇੱਕੋ ਦਾਈ ਨੇ ਪਾਲਿਆ ਸੀ। ਫ਼ਖ਼ਰੂਦੀਨ ਅਹਿਮਦ ਬਖ਼ਸ਼ੀ ਜਹਾਂਗੀਰ ਦੇ ਸਮੇਂ ਤੁਰਕਿਸਤਾਨ ਤੋਂ ਭਾਰਤ ਆਇਆ। ਜਦ ਸ਼ਾਹਜਹਾਂ ਬਾਦਸ਼ਾਹ ਬਣਿਆ ਤਾਂ ਉਸ ਨੇ ਉਸ ਨੂੰ ਤਰਬੀਅਤ ਖ਼ਾਂ ਦਾ ਖ਼ਿਤਾਬ ਦਿੱਤਾ। ਸ਼ਾਹਜਹਾਂ ਦੇ ਰਾਜਕਾਲ ਦੇ ਅੰਤਲੇ ਦਿਨਾਂ ਵਿੱਚ ਸੈਫੂਦੀਨ ਨੂੰ ਸੱਤ ਸੌ ਦਾ ਮਨਸੂਬੇਦਾਰ ਬਣਾਇਆ ਗਿਆ ਅਤੇ ਸੌ ਘੋੜ ਸਵਾਰ ਉਸ ਦੇ ਮੁਤਹਿਤ ਕੀਤੇ ਗਏ। ਜਦੋਂ ਸ਼ਾਹਜਹਾਂ ਦੇ ਪੁੱਤਰਾਂ ਵਿਚਾਲੇ ਤਖ਼ਤ ਨਸ਼ੀਨੀ ਨੂੰ ਲੈ ਕੇ ਜੰਗ ਆਰੰਭ ਹੋਈ ਤਾਂ ਸੈਫੂਦੀਨ ਨੂੰ ਰਾਜਾ ਜਸਵੰਤ ਸਿੰਘ ਨਾਲ ਮਾਲਵੇ ਵਿੱਚ ਔਰੰਗਜ਼ੇਬ ਦਾ ਮੁਕਾਬਲਾ ਕਰਨ ਲਈ ਭੇਜ ਦਿੱਤਾ। ਰਾਜਾ ਜਸਵੰਤ ਸਿੰਘ ਦੇ ਲਸ਼ਕਰ ਦੇ ਪੈਰ ਥਿੜਕਦੇ ਦੇਖ ਕੇ ਸੈਫ਼ ਖ਼ਾਨ, ਔਰੰਗਜ਼ੇਬ ਨਾਲ ਰਲ ਗਿਆ। ਉਸ ਨੂੰ ਔਰੰਗਜ਼ੇਬ ਨੇ ਤੁਰੰਤ ਪੰਦਰਾਂ ਸੌ ਦਾ ਮਨਸੂਬੇਦਾਰ ਬਣਾ ਦਿੱਤਾ ਅਤੇ ਉਸ ਨੂੰ ਸੈਫ਼ ਖ਼ਾਨ ਦੀ ਉਪਾਧੀ ਬਖ਼ਸ਼ੀ। ਇਹ ਸੈਫੂਦੀਨ ਦੀ ਚਾਲ ਸੀ। ਉਹ ਸੱਚੇ ਦਿਲੋਂ ਔਰੰਗਜ਼ੇਬ ਦੇ ਨਾਲ ਨਹੀਂ ਸੀ। ਔਰੰਗਜ਼ੇਬ ਨੇ ਇਸ ਨੂੰ ਗੁਜ਼ਾਰੇ ਲਈ 12 ਪਿੰਡਾਂ ਦਾ ਖੁਸ਼ਕ ਜਿਹਾ ਇਲਾਕਾ ਦੇ ਦਿੱਤਾ ਸੀ। ਉਸ ਨੇ ਇਸ ਇਲਾਕੇ ਵਿੱਚ ਪਟਿਆਲੇ ਤੋਂ ਲਗਭਗ 8 ਕਿਲੋਮੀਟਰ ਦੂਰ ਪਟਿਆਲਾ-ਰਾਜਪੁਰਾ ਸੜਕ ਉੱਤੇ ਆਪਣੇ ਨਾਮ ਉੱਤੇ ਸੈਫ਼ਾਬਾਦ (ਕਿਲ੍ਹਾ ਬਹਾਦਰ ਗੜ੍ਹ) ਨਾਮੀ ਇੱਕ ਨਗਰ ਆਬਾਦ ਕੀਤਾ ਅਤੇ ਇੱਕ ਕਿਲ੍ਹਾ ਬਣਾਇਆ। ਉਹ ਸਤਸੰਗੀ ਅਤੇ ਧਾਰਮਿਕ ਬਿਰਤੀ ਵਾਲਾ ਹੋਣ ਦੇ ਨਾਲ ਇੱਕ ਸਿਆਣਾ ਰਾਜਨੀਤਕ ਵੀ ਸੀ। ਉਸ ਦੀ ਮਿਹਨਤ ਨਾਲ ਇਲਾਕੇ ਵਿੱਚ ਬਹਾਰਾਂ ਲੱਗ ਗਈਆਂ। ਪੀਰ ਭੀਖਣ ਸ਼ਾਹ ਦੇ ਸੰਪਰਕ ਵਿੱਚ ਆਉਣ ਨਾਲ ਇਨ੍ਹਾਂ ਦੀ ਇੱਕੋ ਜਮਾਤ ਹੀ ਬਣ ਗਈ ਸੀ।

ਗੁਰੂ ਤੇਗ਼ ਬਹਾਦਰ ਸਾਹਿਬ ਜਦੋਂ ਅਨੰਦਪੁਰ ਸਾਹਿਬ ਤੋਂ ਆਪਣੇ ਸ਼ਰਧਾਲੂਆਂ ਦੇ ਜਥੇ ਨਾਲ ਧਰਮ ਪ੍ਰਚਾਰ ਕਰਦੇ ਹੋਏ ਕੀਰਤਪੁਰ, ਘਨੌਲੀ, ਰੋਪੜ, ਅਨੰਦਪੁਰ, ਕਨੌਜ, ਉਗਾਣੀ, ਸਰਾਏ, ਨੌ ਲੱਖਾ, ਲਹਿਲਪੁਰਾ ਪੁੱਜੇ ਤਾਂ ਮੁੱਸਾ ਰੋਪੜੀ ਨੇ ਸੈਫ਼ ਖ਼ਾਨ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਮਹਿਮਾ ਸੁਣਾਈ ਅਤੇ ਜਦੋਂ ਸੈਫ਼ ਖ਼ਾਨ ਨੇ ਗੁਰੂ ਤੇਗ਼ ਬਹਾਦਰ ਜੀ ਦੇ ਪੁੱਜਣ ਬਾਰੇ ਸੁਣਿਆ ਤਾਂ ਉਹ ਬੇਅੰਤ ਖ਼ੁਸ਼ ਹੋਇਆ ਤੇ ਗੁਰੂ ਸਾਹਿਬ ਨੂੰ ਆਪਣੇ ਬਾਗ਼ ਵਿੱਚ ਲੈ ਗਿਆ। ਉਸ ਨੇ ਮੇਵਿਆਂ ਦੀਆਂ ਡਾਲੀਆਂ ਤੇ ਹੋਰ ਖਾਣ-ਪੀਣ ਦੀਆਂ ਵਸਤਾਂ ਮੰਗਵਾਈਆਂ ਅਤੇ ਬਾਗ਼ ਵਿੱਚ ਗੁਰੂ ਜੀ ਅੱਗੇ ਪੇਸ਼ ਕੀਤੀਆਂ ਤੇ ਕਿਹਾ ਸੀ, “ਗੁਰੂ ਜੀ ਅੱਜ ਮੇਰਾ ਜੀਵਨ ਸਫ਼ਲ ਹੋਇਆ ਹੈ।”

ਸੈਫ਼ ਖ਼ਾਨ ਦੇ ਬਾਗ਼ ਵਿੱਚ ਗੁਰੂ ਜੀ ਨੇ ਠਹਿਰ ਕੀਤੀ। ਜਿੱਥੇ ਗੁਰੂ ਸਾਹਿਬ ਬਿਰਾਜਮਾਨ ਹੋਏ ਸਨ, ਉਹ ਚੌਤਰਾ ਅੱਜ ਵੀ ਸਾਂਭਿਆ ਹੋਇਆ ਹੈ। ਇਸ ਬਾਰੇ ਲਿਖਿਆ ਮਿਲਦਾ ਹੈ ਕਿ ਇਹ ਬਾਗ਼ ਸੁੰਦਰ ਸਥਾਨ ਸੀ। ਸੈਫ਼ ਖ਼ਾਨ ਇੱਕ ਨੇਕ ਇਨਸਾਨ, ਦਿਲ ਦਾ ਸਾਫ਼ ਸੀ। ਉਹ ਅਕਸਰ ਕਿਹਾ ਕਰਦਾ ਸੀ, “ਚਰਚਾ ’ਚ ਖਿਝਣਾ ਤੇ ਦੂਜਿਆਂ ਨੂੰ ਚੋਟਾਂ ਨਹੀਂ ਮਾਰਨੀਆਂ ਚਾਹੀਦੀਆਂ। ਤੁਸੀਂ ਜੇ ਚਾਹੁੰਦੇ ਹੋ ਕਿ ਅਗਲਾ ਠੀਕ ਰਹੇ ਤਾਂ ਉਸ ਦੀ ਗੱਲ ਮੰਨਦੇ ਰਹੋ। ਕੋਸ਼ਿਸ਼ ਜ਼ਰੂਰ ਕਰੋ ਸਮਝਾਉਣ ਦੀ, ਜੇ ਉਹ ਫੇਰ ਵੀ ਨਾ ਮੰਨੇ ਤਾਂ ਸਮਝੋ ਉਹ ਜੋ ਕੁਝ ਵੀ ਕਹਿ ਰਿਹਾ ਹੈ, ਉਹ ਠੀਕ ਹੀ ਹੈ।”

ਗੁਰੂ ਜੀ ਨੂੰ ਬਾਗ਼ ਵਿੱਚ ਲਿਜਾ ਕੇ ਸੈਫ਼ ਖ਼ਾਨ ਕਹਿਣ ਲੱਗਾ, “ਮੇਰਾ ਜੀਵਨ ਅੱਜ ਸਫ਼ਲ ਹੋ ਗਿਆ ਹੈ।” ਉਸ ਨੇ ਗੁਰੂ ਸਾਹਿਬ ਨੂੰ ਇੰਨਾ ਸਤਿਕਾਰ ਦਿੱਤਾ ਕਿ ਗੁਰੂ ਜੀ ਨੂੰ ਘੋੜੇ ਤੋਂ ਥੱਲੇ ਪੈਰ ਨਾ ਲਾਉਣ ਦਿੱਤਾ। ਸਗੋਂ ਆਪ ਘੋੜੇ ਦੀ ਰਕਾਬ ਫੜ ਕੇ ਪੈਦਲ ਤੁਰਿਆ। ਗੁਰੂ ਜੀ ਸੈਫ਼ ਖ਼ਾਨ ਦੇ ਘਰ ਚਾਰ ਵਾਰ ਆਏ ਸਨ। ਗੁਰੂ ਜੀ ਨੇ ਜਦੋਂ ਸ਼ਹਾਦਤ ਦੇਣ ਲਈ ਦਿੱਲੀ ਵੱਲ ਜਾਂਦੇ ਹੋਏ ਸੈਫੂਦੀਨ ਦੇ ਘਰ ਠਾਹਰ ਕੀਤੀ ਤਾਂ ਇਹ ਖ਼ਬਰ ਮੁਗ਼ਲਾਂ ਨੂੰ ਮਿਲੀ ਤੇ ਮੁਗ਼ਲ ਫੌਜਾਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਸੈਫੂਦੀਨ ਦੇ ਘਰ ਪਹੁੰਚੀਆਂ। ਸੈਫੂਦੀਨ ਨੇ ਇਹ ਕਹਿ ਕੇ ਗੁਰੂ ਜੀ ਨਾਲ ਵਫ਼ਾ ਨਿਭਾਈ ਕਿ ਗੁਰੂ ਜੀ ਤਾਂ ਦਿੱਲੀ ਵੱਲ ਨੂੰ ਨਿਕਲ ਤੁਰੇ ਹਨ...। ਸੈਫੂਦੀਨ ਨਹੀਂ ਚਾਹੁੰਦਾ ਸੀ ਕਿ ਗੁਰੂ ਜੀ ਉਸ ਦੇ ਘਰੋਂ ਗ੍ਰਿਫ਼ਤਾਰ ਹੋਣ। ਗੁਰੂ ਜੀ ਤੇ ਸੈਫੂਦੀਨ ਦੀ ਇੰਨੀ ਗੂੜ੍ਹੀ ਮਿੱਤਰਤਾ ਸੀ ਕਿ ਗੁਰੂ ਜੀ ਜਦੋਂ ਪੂਰਵ ਦਿਸ਼ਾ ਵੱਲ ਨੂੰ ਨਿਕਲੇ ਤਾਂ ਸੈਫੂਦੀਨ ਨੂੰ ਯਾਦ ਕਰਦੇ ਰਹਿੰਦੇ ਸਨ। ਜੇ ਕੋਈ ਚੰਗੀ ਵਸਤੂ ਸੁਗਾਤ ਮਿਲਦੀ ਤਾਂ ਉਹ ਸਿੱਖ ਹੱਥ ਭੇਜ ਕੇ ਗੁਰੂ ਜੀ ਸੈਫੂਦੀਨ ਦਾ ਮਾਣ ਕਰਦੇ।

ਭਾਈ ਦਇਆਲ ਦਾਸ, ਭਾਈ ਰਾਮ ਰਾਇ ਅਤੇ ਹੋਰ ਸਿੱਖਾਂ ਦੇ ਨਾਮ ਸੰਦੇਸ਼ ਵਿੱਚ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਸੈਫੂਦੀਨ ਸ਼ਾਸਤਰੀ ਸੰਗੀਤ ਦੇ ਗਿਆਨੀ ਵੀ ਸਨ। ਇੱਕ ਫ਼ਕੀਰ ਹੋਣ ਦੇ ਨਾਲ-ਨਾਲ ਗਵਾਲੀਅਰ ਦੇ ਰਾਜਾ ਮਾਨ ਸਿੰਘ (1486-1517) ਦੇ ਰਚਿਤ ਹਿੰਦੀ ਗ੍ਰੰਥ ‘ਮਾਨਕ ਤੁਹਲ’ ਦਾ ਫ਼ਾਰਸੀ ਅਨੁਵਾਦ ਵੀ ਸੈਫੂਦੀਨ ਨੇ ਹੀ ਕੀਤਾ ਸੀ। 26 ਅਗਸਤ 1684 ਈ. ਸੈਫੂਦੀਨ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਬਾਰੇ ਸੁਣ ਕੇ ਉਸ ਨੇ ਸਵਾ ਮਹੀਨਾ ਕਾਲੇ ਕੱਪੜਿਆਂ ਦਾ ਮਾਤਮੀ ਲਿਬਾਸ ਪਾ ਰੱਖਿਆ ਸੀ। ਇਨ੍ਹਾਂ ਦੀ ਯਾਦ ਵਿੱਚ ਰੋਜ਼ਾ ਸ਼ਰੀਫ਼ ਨਵਾਬ ਬਾਬਾ ਸੈਫੂਦੀਨ ਬਣਿਆ ਹੋਇਆ ਹੈ ਅਤੇ ਅੱਜ ਇਸ ਜਗ੍ਹਾ ’ਤੇ ਗੁਰਦੁਆਰਾ ਬਹਾਦਰਗੜ੍ਹ ਵੀ ਬਣਿਆ ਹੋਇਆ ਹੈ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ 1883 ਈ. ’ਚ ਬਾਬਾ ਜੀ ਦੀ ਮਜ਼ਾਰ ਨੂੰ 300 ਵਿਘੇ ਜ਼ਮੀਨ ਭੇਟ ਕੀਤੀ ਸੀ। ਅੱਜਕਲ੍ਹ ਇਸ ਜਗ੍ਹਾ ’ਤੇ 36ਵੀਂ ਬਟਾਲੀਅਨ ਪੰਜਾਬ ਆਰਮਡ ਪੁਲੀਸ ਦਾ ਹੈਡਕੁਆਰਟਰ ਬਣਿਆ ਹੋਇਆ ਹੈ।



ਕਿਲਾ ਬਹਾਦਰਗੜ੍ਹ

## ਮੁਹੰਮਦ ਖ਼ਾਂ ਪਠਾਣ

ਮੁਹੰਮਦ ਖ਼ਾਂ ਪਿੰਡ ਗੜ੍ਹੀ ਨਜ਼ੀਰ (ਕੈਥਲ) ਦੇ ਰਹਿਣ ਵਾਲੇ ਜਗੀਰਦਾਰ ਸਨ। ਇਹ ਧਾਰਮਿਕ ਬਿਰਤੀ ਵਾਲਾ ਵਿਅਕਤੀ ਸੀ। ਇਸ ਦੀ ਗੁਰੂ ਘਰ ਪ੍ਰਤੀ ਅੰਤਾਂ ਦੀ ਸ਼ਰਧਾ ਸੀ। ਇਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸ਼ਰਧਾਲੂ ਸੀ। ਜਦੋਂ ਸ਼ਹਾਦਤ ਦੇਣ ਲਈ ਗੁਰੂ ਤੇਗ਼ ਬਹਾਦਰ ਜੀ ਦਿੱਲੀ ਵੱਲ ਨੂੰ ਜਾ ਰਹੇ ਸਨ ਤਾਂ ਗੜ੍ਹੀ ਨਜ਼ੀਰ ਪੁੱਜੇ ਸਨ। ਇਹ ਖ਼ਬਰ ਮਿਲਦਿਆਂ ਹੀ ਮੁਹੰਮਦ ਖ਼ਾਂ ਪਠਾਣ ਗੁਰੂ ਜੀ ਪਾਸ ਆਣ ਪੁੱਜਾ ਸੀ ਦਰਸ਼ਨ ਲਈ। ਬੜੇ ਤਪਾਕ ਨਾਲ ਸੀਸ ਨਿਵਾ ਕੇ ਗੁਰੂ ਜੀ ਦੇ ਚਰਨੀਂ ਲੱਗਿਆ ਤੇ ਆਦਰ ਸਹਿਤ ਬੇਨਤੀ ਕੀਤੀ ਸੀ, “ਮੇਰੀ ਹਵੇਲੀ ’ਚ ਵੀ ਆਪਣੇ ਚਰਣ ਪਾਓ...।”

ਗੁਰੂ ਜੀ ਜਗੀਰਦਾਰ ਮੁਹੰਮਦ ਖ਼ਾਨ ਦੀ ਬੇਨਤੀ ਪ੍ਰਵਾਨ ਕਰਕੇ ਉਸ ਦੀ ਹਵੇਲੀ ਪੁੱਜੇ। ਉਸ ਨੇ ਗੁਰੂ ਜੀ ਦੀ ਬਹੁਤ ਆਓ-ਭਗਤ ਕੀਤੀ, ਗੁਰੂ ਜੀ ਨਾਲ ਵਾਰਤਾਲਾਪ ਦੌਰਾਨ ਕਿਹਾ, “ਭਾਵੇਂ ਮੈਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦਾ ਥਾਪਿਆ ਹੋਇਆ ਜਗੀਰਦਾਰ ਹਾਂ, ਪਰ ਮੇਰੀ ਆਤਮਾ ਔਰੰਗਜ਼ੇਬ ਦੇ ਕੀਤੇ ਜਾ ਰਹੇ ਜ਼ੁਲਮਾਂ ਤੋਂ ਬਹੁਤ ਤੰਗ ਹੈ, ਉਸ ਮੁਕਾਬਲੇ ਮੇਰੀ ਤਾਕਤ ਕਮਜ਼ੋਰ ਹੈ, ਇਸ ਲਈ ਮੈਂ ਉਸ ਦਾ ਵਿਰੋਧ ਨਹੀਂ ਕਰ ਸਕਦਾ। ਹਿੰਦੂ ਧਰਮ ਦੀ ਰੱਖਿਆ ਲਈ ਤੁਸੀਂ ਦਿੱਲੀ ਕੁਰਬਾਨੀ ਦੇਣ ਜਾ ਰਹੇ ਹੋ ਇਹ ਕੋਈ ਸੌਖਾ ਕਾਰਜ ਨਹੀਂ...। ਭਾਗਾਂ ਵਾਲਿਆਂ ਦੇ ਹਿੱਸੇ ਹੀ ਆਉਂਦਾ ਹੈ ਇਹ ਨੇਕ ਕਾਰਜ, ਕਿਉਂਕਿ ਇਹ ਕੁਰਬਾਨੀ ਕੋਈ ਰੱਬ ਦਾ ਭੇਜਿਆ ਦੂਤ ਹੀ ਦੇ ਸਕਦਾ ਹੈ।”

ਗੁਰੂ ਜੀ ਨੇ ਖ਼ੁਸ਼ ਹੋ ਕੇ ਮੁਹੰਮਦ ਖ਼ਾਂ ਨੂੰ ਆਪਣੀਆਂ ‘ਖੜਾਵਾਂ’ ਭੇਟ ਕੀਤੀਆਂ। ਦੇਸ਼ ਦੀ ਵੰਡ ਦੌਰਾਨ ਇਸ ਦਾ ਪਰਿਵਾਰ ਪਾਕਿਸਤਾਨ ਜਾ ਵਸਿਆ ਸੀ ਅਤੇ ਇਸ ਦੀ ਹਵੇਲੀ ਵਾਲੀ ਥਾਂ ਅੱਜਕਲ੍ਹ ਗੁਰਦੁਆਰਾ ਪਾਤਸ਼ਾਹੀ ਨੌਵੀਂ ਗੜ੍ਹੀ ਸਾਹਿਬ ਬਣਿਆ ਹੋਇਆ ਹੈ।

## ਪੀਰ ਦਰਗਾਹੀ ਸ਼ਾਹ

ਪੀਰ ਦਰਗਾਹੀ ਸ਼ਾਹ ਦਾ ਪਿੰਡ ਨਾਭਾ (ਅੱਜ ਕਲ੍ਹ ਰਾਜਪੁਰਾ ਤੋਂ ਜ਼ੀਰਕਪੁਰ) ਦੇ ਬਾਹਰ ਝੁੱਗੀ ਵਿੱਚ ਵਾਸਾ ਸੀ। ਉਨ੍ਹਾਂ ਦੀ ਸ਼ਖ਼ਸੀਅਤ ਰੱਬੀ ਰੰਗ ਵਿੱਚ ਰੰਗੀ ਹੋਈ ਸੀ। ਇਸਲਾਮਿਕ ਫ਼ਰਜ਼ਾਂ ਦੇ ਪੂਰਕ ਸਨ। ਉਨ੍ਹਾਂ ਦਾ ਜ਼ਿਆਦਾ ਸਮਾਂ ਤਸਬੀ ਫੇਰਦਿਆਂ ਦਾ ਗੁਜ਼ਰਦਾ।

ਇਹ ਗੱਲ ਲਗਭਗ ਨਵੰਬਰ 1675 ਦੀ ਹੈ, ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਔਰੰਗਜ਼ੇਬ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਦਾ ਬੀੜਾ ਚੁੱਕਿਆ ਸੀ। ਗੁਰੂ ਸਾਹਿਬ ਦਾ ਸੀਸ ਭਾਈ ਜੈਤਾ ਜੀ ਲੈ ਕੇ ਆਏ ਸਨ। ਉਦੋਂ ਇੱਕ ਤਾਂ ਭਾਈ ਜੈਤਾ ਜੀ ਨੇ ਸੋਨੀਪਤ, ਪਾਨੀਪਤ, ਕਰਨਾਲ ਲੰਘ ਕੇ ਤਰਾਵੜੀ ਅਰਾਮ ਕੀਤਾ ਸੀ ਤੇ ਦੂਜਾ ਅਗਲੇ ਦਿਨ ਅੰਬਾਲਾ ਸ਼ਹਿਰ ਕੈਥ ਮਾਜਰੀ ਵਿੱਚੋਂ ਤਬਲਕ ਸ਼ਾਹ ਦੀ ਮਸੀਤ ਵਿੱਚ ਠਹਿਰ ਕੀਤੀ। ਫੇਰ ਅੰਬਾਲਾ ਤੋਂ ਚੱਲ ਦਰਗਾਹੀ ਸ਼ਾਹ ਜੀ ਪਾਸ ਰਾਤ ਕੱਟਣ ਲਈ ਆਣ ਬੇਨਤੀ ਕੀਤੀ ਤਾਂ ਦਰਗਾਹੀ ਸ਼ਾਹ ਜੀ ਨੇ ਭਾਈ ਜੈਤਾ ਜੀ ਦੀ ਬੇਨਤੀ ਨੂੰ ਹੁਕਮ ਵਾਂਗ ਖਿੜੇ ਮੱਥੇ ਪ੍ਰਵਾਨ ਕੀਤਾ। ਪੀਰ ਜੀ ਨੇ ਜੈਤਾ ਜੀ ਦੀ ਰੱਜ ਕੇ ਆਓ ਭਗਤ ਕੀਤੀ। ਫਿਰ ਪੀਰ ਜੀ ਨੇ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਇੱਛਾ ਜਤਾਈ। ਜਦੋਂ ਇਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਪੀਰ ਜੀ ਦੀਆਂ ਅੱਖਾਂ ਡੁੱਲ੍ਹ ਤੁਰੀਆਂ ਤੇ ਜਦੋਂ ਜੈਤਾ ਜੀ ਨੇ ਹੌਸਲਾ ਰੱਖਣ ਲਈ ਕਿਹਾ ਤਾਂ ਵੀ ਇਨ੍ਹਾਂ ਦਾ ਮਨ ਭਰਨੋਂ ਨਾ ਹਟਿਆ। ਸੁਭਾਵਿਕ ਹੀ ਪੀਰ ਜੀ ਦੇ ਮੂੰਹੋਂ ਨਿਕਲਿਆ, “ਜਾਹ ਓਏ ਔਰੰਗਿਆ! ਬਾਬੇ ਬਕਾਲੇ ਤਪੱਸਵੀ ਨੂੰ ਤੇ ਦਿੱਲੀ ਦੇ ਆਬਾਦ ਦਰਵੇਸ਼ ਸਰਮਦ ਨੂੰ ਕਤਲ ਕਰਕੇ ਕੀ ਤੂੰ ਅੱਲਾ ਪਾਕ ਦੀ ਦਰਗਾਹ ’ਚ ਜਾਣ ਜੋਗਾ ਰਹੇਂਗਾ...? ਤੂੰ ਆਹ ਕੁਝ ਕਰਕੇ ਬਹਿਸ਼ਤ ਦੇ ਸੁਪਨੇ ਲੈਂਦਾ ਏਂ...? ਤੂੰ ਦੋਜ਼ਖ਼ ਦਾ ਭਾਗੀਦਾਰ ਏਂ...।” ਭਰੇ ਗਲੇ ਨਾਲ ਭਾਈ ਜੈਤੇ ਨਾਲ ਵਾਰਤਾਲਾਪ ਨਾਲ ਦੱਸਣ ਲੱਗੇ ਕਿ ਜਿਹੜਾ ਬੰਦਾ ਆਪਣੀ ਮਾਂ ਜਾਏ ਨੂੰ ਕਤਲ ਕਰਕੇ, ਪਿਉ ਨੂੰ ਕੈਦ ਕਰਕੇ ਤਖ਼ਤ ਲੈਂਦਾ ਹੈ ਅਤੇ ਅਜਿਹੇ ਮਹਾਂਪੁਰਸ਼ਾਂ, ਬੇਕਸੂਰਾਂ ’ਤੇ ਹੱਥ ਚੁੱਕਦਾ ਏ, ਉਹ ਦੋਜ਼ਖ਼ ਦਾ ਭਾਗੀਦਾਰ ਨਹੀਂ ਤਾਂ ਹੋਰ ਜੰਨਤ ਜਾਵੇਗਾ!

ਜਦੋਂ ਸਵੇਰੇ ਭਾਈ ਜੈਤਾ ਜੀ ਨੇ ਚਾਲੇ ਪਾਏ ਤਾਂ ਪੀਰ ਜੀ ਕਹਿਣ ਲੱਗੇ, “ਮੇਰਾ ਇੱਕ ਸੁਨੇਹਾ ਗੁਰੂ ਗੋਬਿੰਦ ਸਿੰਘ ਨੂੰ ਦੇਣਾ, ਆਖਣਾ ਕਿ ਦਰਗਾਹੀਆ ਬੁੱਢਾ ਹੋ ਗਿਆ ਏ, ਉਸ ਦੀਆਂ ਅੱਖਾਂ ਦੀ ਜੋਤ ਜਾਂਦੀ ਰਹੀ ਆ, ਪੈਰ ਵੀ ਜਵਾਬ ਦਈ ਜਾਂਦੇ ਆ, ਤੇ ਮੇਰਾ ਚਿੱਤ ਉਨ੍ਹਾਂ ਦੇ ਦਰਸ਼ਨਾਂ ਲਈ ਉਤਸੁਕ ਹੋਇਆ ਪਿਆ ਏ; ਪਰ ਮੈਂ ਬੇਵਸ ਹਾਂ, ਆਪ ਚੱਲ ਕੇ ਆਉਣ ਲਈ। ਮੈਂ ਅਰਜੋਈ ਕਰਦਾ ਹਾਂ ਕਿ ਉਹ ਇੱਕ ਵਾਰ ਮੇਰੀ ਕੁਟੀਆ ਵਿੱਚ ਆਪਣੇ ਚਰਨ ਜ਼ਰੂਰ ਪਾਉਣ। ਮੈਨੂੰ ਆਸ ਐ ਕਿ ਉਹ ਮੇਰੇ ’ਤੇ ਜ਼ਰੂਰ ਕ੍ਰਿਪਾ ਕਰਨਗੇ।”

ਅਨੰਦਪੁਰ ਸਾਹਿਬ ਪਹੁੰਚ ਕੇ ਸੀਸ ਦੇ ਸਸਕਾਰ ਪਿੱਛੋਂ ਭਾਈ ਜੈਤਾ ਜੀ ਨੇ ਦਸਮ ਪਿਤਾ ਜੀ ਨੂੰ ਦਰਗਾਹੀ ਸ਼ਾਹ ਜੀ ਦਾ ਸੁਨੇਹਾ ਦਿੱਤਾ ਕਿ ਉਹ ਤੁਹਾਡੇ ਦਰਸ਼ਨਾਂ ਲਈ ਵੈਰਾਗ ਵਿੱਚ ਹਨ ਤੇ ਸਾਰੀ ਵਿੱਥਿਆ ਦੱਸੀ। ਭਾਈ ਜੈਤਾ ਜੀ ਤੋਂ ਸੁਣ ਗੁਰੂ ਸਾਹਿਬ ਨੇ ਕਿਹਾ, “ਜਦੋਂ ਆਪਾਂ ਉਸ ਪਾਸੇ ਜਾਵਾਂਗੇ ਤਾਂ ਸਾਨੂੰ ਯਾਦ ਕਰਾਈ ਅਸੀਂ ਜ਼ਰੂਰ ਜਾ ਕੇ ਆਵਾਂਗੇ।” 1688 ਈ. ਤੱਕ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਵਿਖੇ ਰਹੇ। ਉਸ ਮਗਰੋਂ ਕਪਾਲ ਮੋਚਨ, ਸੰਢੌਰਾ, ਟੋਕਾ, ਰਾਇਪੁਰ ਰਾਣੀਆਂ ਅਤੇ ਨਾਢਾ ਸਾਹਿਬ, ਢਕੌਲੀ ਹੁੰਦੇ ਹੋਏ ਜਦੋਂ ਲੋਹਗੜ੍ਹ (ਜ਼ੀਰਕਪੁਰ) ਪਹੁੰਚੇ ਤਾਂ ਭਾਈ ਜੈਤਾ ਜੀ ਨੇ ਗੁਰੂ ਜੀ ਨੂੰ ਯਾਦ ਕਰਾਇਆ ਸੀ, “ਹਜ਼ੂਰ ਸਾਈਂ ਦਰਗਾਹੀ ਸ਼ਾਹ ਜੀ ਜਿਨ੍ਹਾਂ ਪਾਸ ਉਦੋਂ ਮੈਂ ਠਹਿਰ ਕੀਤੀ ਸੀ, ਉਨ੍ਹਾਂ ਦਾ ਰੈਣ-ਬਸੇਰਾ ਇਥੋਂ ਨੇੜੇ ਈ ਹੈ।” ਉਨ੍ਹਾਂ ਵੱਲੋਂ ਘੱਲਿਆ ਸੁਨੇਹਾ ਵੀ ਯਾਦ ਕਰਵਾਇਆ।

ਗੁਰੂ ਜੀ ਏਨਾ ਸੁਣ ਦਰਗਾਹੀ ਸ਼ਾਹ ਜੀ ਦੇ ਦਰਸ਼ਨਾਂ ਨੂੰ ਤੁਰ ਪਏ। ਜਦੋਂ ਭਾਈ ਜੈਤਾ ਜੀ ਤੇ ਗੁਰੂ ਸਾਹਿਬ, ਪੀਰ ਜੀ ਦੀਆਂ ਬਰੂਹਾਂ ’ਤੇ ਅੱਪੜੇ ਤਾਂ ਜੈਤਾ ਜੀ ਨੇ ਪੀਰ ਜੀ ਨੂੰ ਦੱਸਿਆ ਕਿ ਗੁਰੂ ਸਾਹਿਬ ਤਸ਼ਰੀਫ ਲਿਆਏ ਹਨ। ਇੰਨਾ ਸੁਣ ਦਰਗਾਹੀ ਸ਼ਾਹ ਜੀ ਨੇ ਗੁਰੂ ਜੀ ਨੂੰ ਝੁਕ ਕੇ ਸਲਾਮ ਕੀਤਾ ਤੇ ਆਖਣ ਲੱਗੇ, ਧੰਨ ਭਾਗ ਨੇ ਮੇਰੇ ਕਿ ਤੁਸੀਂ ਮੇਰੇ ’ਤੇ ਕ੍ਰਿਪਾ ਕੀਤੀ ਆ। ਕਿੰਨਾ ਕਸ਼ਟ ਝੱਲਣਾ ਪਿਆ ਮੇਰੇ ਲਈ, ਤੁਸੀਂ ਗ਼ਰੀਬ ਦੀ ਕੁੱਲੀ ਨੂੰ ਭਾਗ ਲਾ ਦਿੱਤੇ ਆਪਣੇ ਚਰਣ ਪਾ ਕੇ। ਖ਼ਾਸਾ ਸਮਾਂ ਵਾਰਤਾਲਾਪ ਚਲਦੀ ਰਹੀ। ਸਾਈਂ ਜੀ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ, “ਪਾਤਸ਼ਾਹ ਇਹ ਚੋਲਾ ਪੁਰਾਣਾ ਹੋ ਗਿਆ ਹੈ, ਮੈਂ ਚਾਹੁੰਦਾ ਹਾਂ ਕਿ ਹੁਣ ਚੋਲਾ ਨਵਾਂ ਪਾਵਾਂ ਤੇ ਮੇਰੀ ਇੱਕ ਇਹ ਵੀ ਇੱਛਾ ਹੈ ਕਿ ਅੰਤਿਮ ਵੇਲੇ ਮੈਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣ।” ਗੁਰੂ ਜੀ ਨੇ ਸਾਈਂ ਜੀ ਨੂੰ ਆਖਿਆ ਕਿ ਅਜੇ ਸਮਾਂ ਬਾਕੀ ਹੈ, ਤੁਸੀਂ ਖ਼ੁਦਾ ਦੀ ਬੰਦਗੀ ਕਰੋ, ਅਸਾਂ ਸਮਾਂ ਆਉਣ ’ਤੇ ਆਪ ਅੱਪੜਾਂਗੇ। ਸਮਾਂ ਲੰਘਦਾ ਗਿਆ। ਇੱਕ ਰੋਜ਼ ਦਰਗਾਹੀ ਸ਼ਾਹ ਜੀ ਅੱਲਾ ਨੂੰ ਪਿਆਰੇ ਹੋ ਗਏ। ਗੁਰੂ ਸਾਹਿਬ ਨੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਇਸ਼ਨਾਨ ਕਰਵਾਇਆ, ਗੁਸਲ ਕਰਵਾਇਆ, ਕਬਰ ਕਢਵਾਈ, ਆਪ ਹੀ ਦਫ਼ਨਾਇਆ ਸੀ। ਇੱਥੋਂ ਗੁਰੂ ਜੀ ਕੀਰਤਪੁਰ ਸਾਹਿਬ ਨੂੰ ਹੁੰਦੇ ਹੋਏ ਅਨੰਦਪੁਰ ਸਾਹਿਬ ਪਹੁੰਚੇ।

ਨਾਭਾ ਸਾਹਿਬ (ਜ਼ੀਰਕਪੁਰ) ਵਿਖੇ ਇਤਿਹਾਸਕ ਗੁਰੂ ਘਰ ਉਸਾਰਿਆ ਗਿਆ ਹੈ, ਜਿਸ ਦੀ ਦੇਖ ਰੇਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ ਅਤੇ ਗੁਰੂ ਘਰ ਤੋਂ ਬਾਹਰ ਦਰਗਾਹੀ ਸ਼ਾਹ ਦੀ ਦਰਗਾਹ ਕਬਰ ਦੇ ਰੂਪ ਵਿੱਚ ਸਾਂਭੀ ਹੋਈ ਹੈ, ਜਿਸ ਦੀ ਸਾਂਭ-ਸੰਭਾਲ ਸਵ. ਮੁਨਸ਼ੀ ਖ਼ਾਨ ਸਪੁਤਰ ਕਰਮ ਬਖ਼ਸ਼ ਦੀ ਪੰਜਵੀਂ ਪੀੜ੍ਹੀ ’ਚੋਂ ਤਾਜ ਮੁਹੰਮਦ ਸਪੁੱਤਰ ਮੰਗਤ ਖ਼ਾਨ ਕਰਦੇ ਹਨ। ਇਸ ਦਰਗਾਹ ਉੱਤੇ ਜੂਨ ਮਹੀਨੇ ਦੇ ਪਹਿਲੇ ਹਫ਼ਤੇ ਬੁੱਧਵਾਰ ਅਤੇ ਵੀਰਵਾਰ ਨੂੰ ਸਾਲਾਨਾ ਉਰਸ ਮਨਾਇਆ ਜਾਂਦਾ ਹੈ।

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120



# ਪੱਕਾ, ਪਕੌੜੀਆਂ

ਮਜਬੂਤੀ ਦੇ ਅਰਥਾਂ ਵਿੱਚ ਪੱਕਾ ਸ਼ਬਦ ਦੀ ਵਰਤੋਂ ਹੁੰਦੀ ਹੈ। ਇਸ ਪੱਕਾ ਸ਼ਬਦ ਦੀ ਸਕੀਰੀ ਪਕੌੜੀ ਨਾਲ ਹੈ। ਪਹਿਲੀ ਨਜ਼ਰੇ ਇਹ ਰਿਸ਼ਤਾ ਬੜਾ ਅਜੀਬ ਜਿਹਾ ਲੱਗਦਾ ਹੈ, ਪਰ ਅਸੀਂ ਅੱਗੇ ਜਾ ਕੇ ਦੇਖਾਂਗੇ ਕਿ ਇਹ ਰਿਸ਼ਤਾ ਕਿੰਨਾ ਪੁਖਤਾ ਹੈ। ਜੇ ਪੰਜਾਬੀ ਕੋਸ਼ਾਂ ਵਿੱਚ ਦੇਖੀਏ ਤਾਂ ਪੱਕ/ਪੱਕਾ/ਪੱਕੀ ਦਾ ਲੰਮਾ ਚੌੜਾ ਵਿਸਥਾਰ ਨਜ਼ਰ ਆਉਂਦਾ ਹੈ। ਪੱਕ- ਭਾਵ ਕਰੜੀ ਧਰਤੀ, ਪੱਕਣ ਦੀ ਕਿਰਿਆ, ਸੱਚ-"ਸ਼ਹਜਾਦੇ ਇਹ ਗੱਲਾਂ ਸੁਣ ਕੇ ਸ਼ਾਇਦ ਪੱਕ ਪਛਾਤਾ" (ਸੈਫ਼ੂ)।

ਇਸ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ: ਪੱਕ ਹੋਣਾ-ਨਿਸਚਾ ਹੋਣਾ, ਪੱਕ ਕਰਨਾ, ਪੱਕ ਜਾਣਾ, ਪੱਕ-ਠੱਕ, ਪੱਕ ਦੱਸਣਾ, ਪੱਕ ਪਕਾਉਣਾ, ਪੱਕ ਦਿਲੀ, ਪੱਕ ਪਕਾ, ਪਕਿਆਈ, ਪੱਕਣਾ-ਫਲ ਦਾ ਪੱਕਣਾ, ਅੱਗ ਦੇ ਸੇਕ ਨਾਲ ਗਲਣਾ, ਜ਼ਖਮ ਵਿੱਚ ਪੀਕ ਪੈ ਜਾਣੀ, ਚੌਪੜ ਦੀ ਖੇਡ ਵਿੱਚ ਨਰਦ ਦਾ ਪੁਗਣਾ, ਸੌਦਾ ਹੋ ਜਾਣਾ, ਸਲਾਹ ਕਰਨਾ, ਯਾਦ ਹੋਣਾ ਆਦਿ। ਉਮਰ ਪੱਕਣਾ, ਵਾਲ ਪੱਕਣਾ, ਸਹਿਜ ਪੱਕੇ ਸੋ ਮੀਠਾ ਹੋਇ, ਪੱਕ ਤ੍ਰੇੜ-ਮਿੱਟੀ ਦਾ ਭਾਂਡਾ ਪਕਾਉਣ ਲੱਗਿਆਂ ਪਈ ਤ੍ਰੇੜ, ਪਕਰੋੜ-ਪੱਕਾ, ਸਿਆਣਾ, ਪੀਢਾ, ਪਕਵੱਈਆ-ਪਕਾਉਣ ਵਾਲਾ, ਪਕਵਾਨ, ਪਕਵਾਈ, ਉੱਚੀ ਦੁਕਾਨ ਫਿੱਕਾ ਪਕਵਾਨ, ਪੱਕਾ-ਕੱਸਿਆ ਹੋਇਆ, ਦ੍ਰਿੜ, ਮਜਬੂਤ, ਹੰਢਣਸਾਰ, ਇਤਬਾਰੀ, ਭਰੋਸੇਯੋਗ, ਠੋਸ, ਨਿੱਗਰ, ਪੱਕਾ ਸੇਰ, ਪੱਕਾ ਆਦਮੀ, ਪੱਕਾ ਹਿਸਾਬ, ਪੱਕਾ ਹੱਥ ਪਾਉਣਾ, ਪੱਕਾ ਹੋ ਜਾਣਾ, ਪੱਕਾ ਕਰਨਾ, ਪੱਕਾ ਕਾਗਜ਼, ਪੱਕਾ ਕੋਠਾ, ਪੱਕਾ ਗਾਹਕ, ਪੱਕਾ ਗਾਣਾ, ਪੱਕਾ ਘਰ, ਪੱਕਾ ਚੋਰ, ਪੱਕਾ ਡੇਰਾ ਲਾਉਣਾ, ਪੱਕਾ ਤੋਲ, ਪੱਕਾ ਦਾਅਵਾ, ਪੱਕਾ ਦੋਸਤ, ਪੱਕਾ ਪਕਾਇਆ, ਪੱਕਾਪਣ, ਪੱਕਾ ਪਲੱਸਤਰ, ਪੱਕਾ ਪੀਠਾ, ਪੱਕਾ ਪੀਢਾ, ਪੱਕਾ ਪੀਲਾ, ਪੱਕਾ ਮਿੱਠਾ, ਪੱਕਾ ਮੇਚਾ, ਪੱਕਾ ਯਾਰ, ਪੱਕਾ ਰੰਗ, ਪੱਕਾ ਰਾਗ, ਪੱਕਾ ਰੋਗੀ- 'ਜਿਉ ਪੱਕਾ ਰੋਗੀ ਵਿਲਲਾਇ' (ਧਨਾਸਰੀ ਮਹਲਾ ੧)

ਪੱਕਿਆਂ ਫੋੜਿਆਂ ਨੂੰ ਠਕੋਰਣਾ, ਕੌਲ ਦਾ ਪੱਕਾ, ਜ਼ਬਾਨ ਦਾ ਪੱਕਾ, ਰਿੱਧਾ ਪੱਕਾ, ਪੱਕੀ, ਪੱਕੀਆਂ ਖਾਣਾ, ਪੱਕੀਆਂ ਗੰਢੀਂ ਘੱਤਣਾ, "ਆਖ ਗ਼ੁਲਾਮ ਓਏ ਨਾਲ ਖਰਲ ਦੇ ਗੰਢੀਂ ਪੱਕੀਆਂ ਘੱਤੀਆਂ"; ਪੱਕੀਆਂ ਪਕਾਉਣਾ-ਪੱਟੀਆਂ ਪੜ੍ਹਾਉਣਾ, ਪੱਕੀਆਂ ਪਕਾਈਆਂ ਖਾਣਾ, ਪੱਕੀ ਇੱਟ, ਪੱਕੀ ਸਹੇਲੀ, ਪੱਕੀ ਸੰਗਤ, ਪੱਕੀ ਸਲਾਹ, ਪੱਕੀ ਸੜਕ, ਪੱਕੀ ਕਰਨਾ, ਪੱਕੀ ਖੇਤੀ- 'ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਰਸਾਨ' (ਚਾਤ੍ਰਿਕ); ਪੱਕੀ ਚੁੱਪ ਧਾਰਨੀ, ਪੱਕੀ ਜ਼ਬਾਨ, ਪੱਕੀ ਤਰਕਾਰੀ, ਪੱਕੀ ਨੌਕਰੀ, ਪੱਕੀ ਪਹਿਲੀ, ਪੱਕੀ ਪਕਾਉਣਾ, ਪੱਕੀ ਪਕਾਈ 'ਤੇ ਆ ਜਾਣਾ, ਪੱਕੀ ਪੇਸ਼ੀ, ਪੱਕੀ ਫਲੀ ਤੋੜਨਾ, ਪੱਕੀ ਰਫਲ, ਪੱਕੀ ਰਸੋਈ, ਪੱਕੀ ਰੋਕੜ, ਪੱਕੀ ਰੋਟੀ, ਬਾਬਾ ਅਟੱਲ ਪੱਕੀ ਪਕਾਈ ਘੱਲ, ਪੱਕੇ ਪੈਰ ਧਰਨਾ, ਪੱਕੇ ਹਿੰਦਸੇ, ਪੱਕੇ ਤੰਬੂ ਗੱਡਣਾ, ਪੱਕੇ ਦਿਲ ਵਾਲਾ, ਪੱਕਾ ਮੋਰਚਾ, ਪੱਕੇ ਭਾਂਡੇ ਪੈਣਾ, ਪੱਕੇ ਵਾਲ, ਪਕੇਰਾ- 'ਸਤਾਂ 'ਤੇ ਮੁਹਕਮ ਆਹੇ ਕੁਫ਼ਲ ਪਕੇਰੇ ਲੱਗੇ' (ਸ਼ਾਹ ਬਹਿਰਾਮ-ਅਮਾਮ ਬਖਸ਼); ਪਕਾਊ, ਪਕਾਈ, ਪਕਾਵਣ, ਪਕਾਵਾ, ਪਕਿਅੱਤ, ਪਕਿਆਈ, ਪਕੌੜਾ, ਪਕੌੜੀਆਂ, ਖ਼ੁੱਕੀਂ ਪਕੌੜੇ ਤਲਣਾ ਆਦਿ।

ਨਵੇਂ ਮਹਾਨ ਕੋਸ਼ ਅਨੁਸਾਰ-ਪਕਾਇਆ ਭਾਵ ਸਲਾਹ ਕੀਤੀ, ਪਕਾਈ, ਪਕਾਈਆ, ਪਕਾਏ- "ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ", "ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ", ਪੱਕਾ ਸਾਹਿਬ ਨਾਂ ਦੇ ਦੋ ਗੁਰਦੁਆਰੇ ਹਨ-ਇੱਕ ਪਿੰਡ ਹੰਡਿਆਏ ਕੋਲ ਤੇ ਦੂਜਾ ਪਿੰਡ ਮਧੇਕੇ ਜ਼ਿਲ੍ਹਾ ਮੋਗਾ, ਪੱਕਾ ਕਲਾਂ ਜ਼ਿਲ੍ਹਾ ਬਠਿੰਡੇ ਦਾ ਇੱਕ ਪਿੰਡ; ਪਕਾਵੈ, ਪਕਿਆ- "ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ"; ਪਕੀਆਂ- "ਫਰੀਦਾ ਰੱਬ ਖਜੂਰੀ ਪਕੀਆਂ", ਪੱਕੀ ਰਸੋਈ-ਬ੍ਰਾਹਮਣੀ ਮੱਤ ਅਨੁਸਾਰ ਉਹ ਭੋਜਨ ਜੋ ਸਿਰਫ਼ ਘਿਓ, ਦੁੱਧ ਜਾਂ ਅੱਗ ਨਾਲ ਪਕਾਇਆ ਜਾਵੇ। ਪਕੌਰਿ/ਪਕੌਰੀ/ਪਕੌੜਾ/ਪਕੌੜੀ-ਸੰ. ਪਕਵ੍= ਪੱਕੀ ਹੋਈ+ਵਟਿਕਾ=ਵੜੀ, ਟਿੱਕੀ, ਘਿਓ ਵੇਸਣ ਵਿੱਚ ਤਲੀ ਹੋਈ।

ਇਸ ਲੰਮੇ ਚੌੜੇ ਵੇਰਵੇ ਤੋਂ ਸਪੱਸ਼ਟ ਹੈ ਕਿ ਪੱਕਾ, ਪੱਕੀ, ਪਕਾਈ, ਪਕੌੜਾ, ਪਕੌੜੀ ਆਦਿ ਦਾ ਵੱਡਾ ਤੇ ਮਹੱਤਵਪੂਰਨ ਕੁਨਬਾ ਹੈ। ਪਕੌੜੀ/ਪਕੌੜੇ ਤੇ ਕੁੱਕਰ ਦੀ ਸਕੀਰੀ ਵੀ ਦਿਲਚਸਪ ਹੈ। ਇਨ੍ਹਾਂ ਦੋਹਾਂ ਸ਼ਬਦਾਂ ਦਾ ਜਨਮ ਇੱਕੋ ਧਾਤੂ ਤੋਂ ਹੋਇਆ ਹੈ। ਭਾਸ਼ਾ ਵਿਗਿਆਨੀਆਂ ਨੇ ਇੰਡੋ-ਯੂਰਪੀ ਪਰਿਵਾਰ ਵਿੱਚ ਇੱਕ ਧਾਤੂ ਖੋਜੀ ਹੈ- 'ਪੇਕਵ' ਜਿਸਦਾ ਅਰਥ ਹੈ, ਪੱਕਣਾ ਜਾਂ ਪਕਾਉਣਾ। ਲੈਟਿਨ ਵਿੱਚ ਇਹਦਾ ਰੂਪ ਹੈ- ਕੋਕੁਸ, ਜੋ ਕੋਕਸ ਤੋਂ ਹੁੰਦਾ ਅੰਗਰੇਜ਼ੀ ਵਿੱਚ ਕੋਕ ਵਿੱਚ ਢਲ ਗਿਆ ਤੇ ਫਿਰ ਇਹਨੇ ਕੁੱਕ ਭਾਵ ਖਾਣਾ ਬਣਾਉਣ ਦਾ ਰੂਪ ਧਾਰ ਲਿਆ। ਸਪੱਸ਼ਟ ਹੈ, ਕੁੱਕਰ ਉਹ ਭਾਂਡਾ ਹੈ ਜਿਸ ਵਿੱਚ ਖਾਣਾ ਜਲਦੀ ਪੱਕਦਾ ਹੈ।

ਪੇਕਵ ਦੀ ਤੁਲਨਾ ਸੰਸਕ੍ਰਿਤ ਦੇ 'ਪੱਕਵ੍' ਨਾਲ ਕੀਤੀ ਜਾ ਸਕਦੀ ਹੈ, ਜਿਸਦਾ ਅਰਥ ਹੈ- ਪਕਾਇਆ ਹੋਇਆ। ਪੱਕਵ੍ ਸ਼ਬਦ ਬਣਿਆ ਹੈ- ਪੱਚ੍ ਧਾਤੂ ਤੋਂ, ਜਿਸ ਵਿੱਚ ਗਰਮ ਕਰਨ, ਭੁੰਨਣ, ਪੱਕਣ ਦੇ ਭਾਵ ਪਏ ਹਨ। ਪੱਚ੍ ਧਾਤੂ ਤੋਂ ਪਾਚਣ ਸ਼ਬਦ ਬਣਿਆ ਹੈ, ਜਿਸਦੀ ਸਕੀਰੀ ਭੋਜਨ ਨਾਲ ਜੁੜਦੀ ਹੈ। ਪਕਾਉਣਾ ਜੇ ਕਿਰਿਆ ਹੈ ਤਾਂ ਉਹਦੀ ਸੰਪੂਰਨਤਾ ਉਹਦੇ ਪਚਣ ਵਿੱਚ ਪਈ ਹੈ। ਇਸੇ ਤਰ੍ਹਾਂ ਪਕੌੜੀ ਸ਼ਬਦ ਬਣਿਆ ਹੈ-/ਪਕਵ੍+ਵੱਟੀ~ਪਕਾਉਡੜੀ~ਪਕੌੜੀ/ ਵੱਟੀ ਸ਼ਬਦ ਓਸੇ ਵੱਟ ਤੋਂ ਬਣਿਆ ਹੈ ਭਾਵ ਵੱਟਣਾ, ਵੱਟ ਚਾੜ੍ਹਨਾ, ਗੋਲ ਗੋਲ ਕਰਨਾ, ਘੇਰਨਾ ਆਦਿ। ਪਕਵਾਨ ਸ਼ਬਦ ਵੀ 'ਪਕਵ੍+ਅੰਨ' ਤੋਂ ਬਣਿਆ ਹੈ, ਜਿਸਦਾ ਅਰਥ ਹੈ ਘਿਓ, ਤੇਲ ਆਦਿ ਨਾਲ ਤਲਿਆ ਜਾਂ ਭੁੰਨਿਆ ਪਦਾਰਥ।

ਪੱਕੇ ਦੇ ਬਰਾਬਰ ਦਾ ਫਾਰਸੀ ਵਿੱਚ ਸ਼ਬਦ ਹੈ- ਪੁਖਤਾ ਭਾਵ ਮਜਬੂਤ, ਪੱਕਾ ਹੋਇਆ, ਟਿਕਾਊ, ਪਾਏਦਾਰ, ਦਮਦਾਰ ਆਦਿ। ਪੁਖਤਾ ਸ਼ਬਦ ਬਣਿਆ ਹੈ ਫਾਰਸੀ ਦੇ ਪੁਖਤ: ਤੋਂ ਜਿਸਦੇ ਮੂਲ ਵਿੱਚ ਅਵੇਸਤਾ ਦੀ ਧਾਤੂ 'ਪੱਚ' ਪਈ ਹੈ, ਇਸ ਵਿੱਚ ਪੱਕਣ-ਪਕਾਉਣ ਦਾ ਭਾਵ ਪਿਆ ਹੈ। 'ਦਮਪੁਖਤ' ਇੱਕ ਅਜਿਹੀ ਹੀ ਕਿਰਿਆ ਹੈ, ਜੋ ਆਮ ਤੌਰ ਉਤੇ ਮੀਟ ਨੂੰ ਕੁੱਕਰ ਵਰਗੇ ਭਾਂਡੇ ਵਿੱਚ ਭਾਫ ਦੀ ਗਰਮੀ ਨਾਲ ਪਕਾਉਣ ਲਈ ਵਰਤੀ ਜਾਂਦੀ ਹੈ। ਅਫਗਾਨਿਸਤਾਨ ਦੀ ਪਸ਼ਤੋ ਵਿੱਚ ਸੰਸਕ੍ਰਿਤ ਦੀ 'ਪਸ਼੍' ਧਾਤੂ ਮਿਲਦੀ ਹੈ, ਜਿਸਦਾ ਅਰਥ ਹੈ- ਦ੍ਰਿੜ, ਮਜਬੂਤ, ਉੱਚਾ, ਬੁਲੰਦ। ਪਖਤੂਨਿਸਤਾਨ ਸਾਰਾ ਪਹਾੜੀ ਇਲਾਕਾ ਹੈ। ਇਥੇ ਪਸ਼੍ ਧਾਤੂ ਵਿੱਚ ਪਹਾੜ ਦੀ ਮਜਬੂਤੀ ਤੇ ਬੁਲੰਦੀ- ਦੋਵੇਂ ਅਰਥ ਪਏ ਹਨ। ਫਾਰਸੀ ਦੇ ਇਸੇ ਮੂਲ ਵਿੱਚੋਂ ਨਿਕਲਿਆ ਇੱਕ ਸ਼ਬਦ ਹੈ-ਪਜ਼, ਜਿਸਦਾ ਅਰਥ ਹੈ ਪੱਕਿਆ ਹੋਇਆ, ਮਜਬੂਤ ਜੋ ਪਸ਼੍ ਦਾ ਹੀ ਰੂਪ ਹੈ। ਸਾਡੀਆਂ ਭਾਸ਼ਾਵਾਂ ਵਿੱਚ ਜਿਹੜਾ ਪੱਸ ਸ਼ਬਦ ਮਿਲਦਾ ਹੈ, ਉਹਦੀ ਸਕੀਰੀ ਫੋੜੇ ਦੇ ਪੱਕਣ ਨਾਲ ਹੈ। ਇਸ ਤਰ੍ਹਾਂ ਇਹ ਸਾਰੇ ਸ਼ਬਦ ਇੱਕ ਤੋਂ ਦੂਜੀ ਭਾਸ਼ਾ ਵਿੱਚ ਪੁਰਾਤਨ ਸਮਿਆਂ ਤੋਂ ਰਿਸ਼ਤਿਆਂ ਵਿੱਚ ਬੱਝੇ ਨਜ਼ਰ ਆਉਂਦੇ ਹਨ।









# Guru Ladho Re Sewa Society of Wisconsin

# ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਗੁਰਪੁਰਬ ਦੀ ਲੱਖ ਲੱਖ ਵਧਾਈ

ੴ

## ਗੁਰੂ ਨਾਨਕ ਦੇਵ ਜੀ ਦੀਆਂ ਅਸੀਸਾਂ ਕੁੱਲ ਲੋਕਾਈ ਉਤੇ ਸਦਾ ਵਰ੍ਹਦੀਆਂ ਰਹਿਣ

## Happy Gurpurab to All

# ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਵਿਸਕਾਨਸਿਨ



**Sukhwinder Singh Ghagar**
**Ph: 414-323-0387**
**Parminder Singh Goldy**
**Ph: 414-736-6580**
**Harjinder Singh Jindi**
**Ph:414-841-5649**
**Jarnail Singh Miani**
**Ph: 262-370-2428**

**Jaggi Singh Ghotra**
**Ph: 414-430-4349**
**Devinder Singh Bind**
**Ph: 414-393-7331**
**Narinder Pal Singh Billa**
**Ph: 414-588-7360**
**Kuljit Singh Gillzian**
**Ph: 608-575-7544**

**Gurinder Singh Gillzian**
**Ph: 414-491-6358**
**Bhupinder Singh Tinka**
**Ph: 414-943-6765**
**Randip Pal Singh Rinku**
**Ph: 608-201-2663**
**Arvinder Singh Buty**
**Ph: 414-943-6063**

**Website: www.guruladhore.org Contact: info@guruladhore.org**

*Design by Punjabi Parwaz*